
# ਪੈਂਤੀ



ਚੋਣਵੀਆਂ ਕਵਿਤਾਵਾਂ

ਅਮਰਜੀਤ ਚੰਦਨ

# ਪੈਂਤੀ

PAINTEE

First Published in India in 2009

© Amarjit Chandan. 2009

Book Designed & Illustrated by Gurvinder Singh

Audio CD recorded at the Audio-Restoration Studio of The Anād Foundation
Mixed & Mastered by Nikkhil Beri

All rights reserved. No part of this publication, including the audio CD, may be reproduced or transmitted in any form or by any means, electronic or mechanical, including photocopying, recording or any information storage or retrieval system, without prior written permission of both the copyright holder, indicated above, and the publisher.

anād

Published by:

**The Anād Foundation**
C-26, Nizamuddin East, New Delhi. INDIA 110013
Website: www.anadfoundation.com
Email: anad@anad.in
Phones: (91 11) 41825994, 41825218

Price: Rs. 1500/-

# ਪੈਂਤੀ

ਸੰਦੀਪ ਤੇ ਮਨੂ
ਪਿਆਰ
ਅਮਰਜੀਤ.
05 12 11
ਅੰਮ੍ਰਿਤਸਰ

ਚੋਣਵੀਆਂ ਕਵਿਤਾਵਾਂ | ਅਮਰਜੀਤ ਚੰਦਨ

## ਚਿਣਾਈ


੬ ਆਦਿਕਾ
੧੭ ਮੰਗਲਾਚਰਣ
੧੯ ਆਰਤੀ
੨੧ ਭਿੱਖੂ
੨੩ ...
੨੫ ਲਿਖਿਆ ਹੈ
੨੭ ਸਿਆਹੀ ਕੀ ਬਿਧਿ ... ਕਵਿਤਾ ਕੀ ਬਿਧਿ
੨੯ ਨਨਕਾਣਾ
੩੧ ਬਾਬਾ ਨਾਨਕ ਤੇ ਬਾਬਾ ਮਰਦਾਨਾ
੩੩ ਪੋਥੀ
੩੭ ਗੁਰਮੁਖੀ
੩੯ ਲਿਖਣਸਰ
੪੩ ...
੪੫ ਇਕ ਹਜ਼ਾਰ ਕੋਰੇ ਪਤ੍ਰਿਆਂ ਵਾਲ਼ੀ ਪੋਥੀ
੪੭ ਗਾਏ ਸਮੀਨਾ ਨਾਨਕ ਬਾਣੀ
੪੯ ਬੀਬੀ ਲਤਾ ਮੰਗੇਸ਼ਕਰ ਬਾਬੇ ਦਾ ਸ਼ਬਦ ਭਿੰਨੀ ਰੈਨੜੀਏ...ਗਾ ਰਹੀ
੫੧ ਭਿੰਨੀ ਰੈਣ ਵੇਲਾ
੫੩ ਲੰਗਰ
੫੫ ਮਾਂ ਜੋੜਿਆਂ ਦੀ ਸੇਵਾ ਕਰਦੀ

੫੭ ਘਰ ਆਇਆ ਪਰਦੇਸੀ

੫੯ ਅਨੀਲ

੬੧ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਨਿਮਿਤ

੬੫ ਗਾਉਣਾ

੬੭ ਢੋਲ ਵੱਜਦਾ

੬੯ ਬੰਸਰੀ

੭੧ ਬਾਬੇ ਨਾਨਕ ਦਾ ਘਰ

੭੩ ਕੇਸ

੭੭ ਕਿਤਾਬ ਬੋਲਦੀ ਹੈ

੭੯ ਅੱਖਰ

੮੧ ਙ ਤੇ ਞ

੮੩ ਸ਼ਬਦ: ਲਿਖਣਾ

੮੫ ਫ਼ੋਟੋ

੮੭ ਵੇਲਾ

੮੯ ...

੯੧ ਸਮ

੯੫ ਰਾਗ ਪੂਰੀਯਾ ਧਨਾਸਰੀ ਚ ਕੁਮਾਰ ਗੰਧਰਵ ਦੀ ਬੰਦਿਸ਼
ਬਲ ਗਈ ਜੋਤੀ... ਸੁਣਦਿਆਂ

## ਆਦਿਕਾ

ਅਕਬਰ ਅਲਾਹਾਬਾਦੀ ਦਾ ਸ਼ਿ'ਅਰ ਹੈ:

**ਰਕੀਬੋਂ ਨੇ ਰਪਟ ਜਾ ਕਰ ਲਿਖਾਈ ਹੈ ਯਿਹ ਥਾਨੇ ਮੇਂ,**
**ਕਿ ਅਕਬਰ ਨਾਮ ਅੱਲ੍ਹਾ ਕਾ ਹੈ ਲੇਤਾ ਇਸ ਜ਼ਮਾਨੇ ਮੇਂ।**

ਅਮਰਜੀਤ ਚੰਦਨ ਉਹਨਾਂ ਵਿਰਲੇ ਕਵੀਆਂ ਵਿੱਚੋਂ ਹੈ, ਜੋ ਅੱਜ ਵੀ ਕਰਤਾਰ ਦੀ ਸਿਫ਼ਤ ਦਾ ਕਾਵਿ ਸਿਰਜਦੇ ਹਨ। ਉਹਨਾਂ ਬਾਰੇ ਜ਼ਰੂਰ ਇਹ ਕਿਹਾ ਜਾ ਸਕਦਾ ਹੈ, "ਕੋਈ ਹਰਿਆ ਬੂਟ ਰਹਿਓ ਹੀ।" ਜੇਕਰ ਪੰਜਾਬ ਦੇ ਲੋਕਾਂ ਪਾਸ ਕੋਈ ਇਕ ਵੀ ਐਸਾ ਸ਼ਾਹਕਾਰ ਹੈ, ਜੋ ਵਿਸ਼ਵ ਸਾਹਿਤ ਵਿਚ ਸਰਬੋਤਮ ਸਥਾਨ ਪ੍ਰਾਪਤ ਕਰਨ ਦਾ ਹੱਕਦਾਰ ਹੈ, ਤਾਂ ਉਹ ਹੈ ਸ਼੍ਰੀ ਗੁਰੂ ਗ੍ਰੰਥ ਸਾਹਿਬ। ਇਸ ਤੋਂ ਵੱਡਾ ਪ੍ਰੇਰਣਾ ਸ੍ਰੋਤ ਸਾਡੇ ਪਾਸ ਕੋਈ ਨਹੀਂ।

ਪਰ, ਜਿਨ੍ਹਾਂ ਲੋਕਾਂ ਧਰਮ ਤੋਂ ਬੇਮੁਖ ਹੋਣਾ ਅਪਣਾ ਧਰਮ ਮਿਥ ਲਿਆ ਹੈ, ਉਹ ਇਸ ਅਦੁੱਤੀ ਸ੍ਰੋਤ ਤੋਂ ਕੇਵਲ ਆਪ ਹੀ ਦੂਰ ਨਹੀਂ ਹੋਏ, ਹੋਰਨਾਂ ਨੂੰ ਵੀ ਦੂਰ ਕਰਨ ਦਾ ਸਿਰਤੋੜ ਜਤਨ ਕਰਦੇ ਆਏ ਹਨ। ਮੇਰਾ ਸਪਸ਼ਟ ਸੰਕੇਤ ਕਮਿਊਨਿਸਟ ਵਿਚਾਰਧਾਰਾ ਦੇ ਅਨੁਯਾਈਆਂ ਵੱਲ ਹੈ, ਜੋ ਗਿਣੀ-ਮਿਥੀ ਸਾਜ਼ਿਸ਼ ਰਚ ਕੇ ਬਾਣੀ ਨੂੰ ਕਾਵਿ ਮੰਨਣ ਤੋਂ ਇਨਕਾਰੀ ਹੀ ਨਾ ਹੋ ਗਏ, ਸਗੋਂ ਉਸ ਨੂੰ ਸਾਹਿੱਤ ਦੀਆਂ ਅਧਿਐਨ ਪੁਸਤਕਾਂ ਵਿੱਚੋਂ ਖ਼ਾਰਿਜ ਕਰਨ ਦਾ ਜਮ ਕੇ ਜਤਨ ਵੀ ਕੀਤਾ। ਨਾਲ ਹੀ ਉਹਨਾਂ ਕਵੀਆਂ ਨੂੰ ਵੀ ਜੋ ਗੁਰਬਾਣੀ ਤੋਂ ਪ੍ਰੇਰਿਤ ਹੋ ਕੇ ਕਾਵਿ ਸਿਰਜਦੇ ਹਨ, ਸਾਹਿਤ ਅਧਿਐਨ ਤੋਂ ਬਾਹਰ ਰੱਖਣ ਲਈ ਵੀ ਜਤਨਸ਼ੀਲ ਰਹੇ। ਕੇਵਲ "ਪ੍ਰਗਤੀਵਾਦੀ ਸਾਹਿੱਤ" ਹੀ ਉਹਨਾਂ ਦੀ ਦ੍ਰਿਸ਼ਟੀ ਵਿਚ ਪ੍ਰਵਾਨ ਸਾਹਿੱਤ ਸੀ। ਕਦੇ ਕਮਿਊਨਿਸਟ ਵਿਚਾਰਧਾਰਾ ਦਾ ਬੜਾ ਬੋਲ-ਬਾਲਾ ਸੀ। ਪੰਜਾਬੀ ਦੇ ਕਈ ਚੰਗੇ-ਚੰਗੇ ਕਵੀ ਤੇ ਲੇਖਕ ਇਸ ਸਾਜ਼ਿਸ਼ ਦਾ ਸ਼ਿਕਾਰ ਹੋ ਗਏ ਤੇ ਅਪਣੀ ਮੌਲਿਕਤਾ ਗੁਆ ਕੇ "ਪ੍ਰਗਤੀਵਾਦੀ" ਹੋ ਗਏ। ਕੁਝ ਲੇਖਕਾਂ ਨੂੰ ਸ਼ੁਰੂ ਤੋਂ ਹੀ ਸਮਝ ਆ ਗਈ ਕਿ "ਪ੍ਰਗਤੀਵਾਦ" ਵਿਚ ਪ੍ਰਗਤੀ ਘੱਟ ਤੇ ਵਾਦ ਵਧੇਰੇ ਹੈ, ਪਰ ਕੁਝ ਕੁ ਸਾਹਿਤਕਾਰ ਕਾਫ਼ੀ ਚਿਰ ਖੱਬੇ-ਪੱਖੀ ਰਚਨਾ ਕਰਨ ਮਗਰੋਂ ਉਸ ਤੋਂ ਉਪਰਾਮ ਹੋ ਗਏ। ਅਮਰਜੀਤ ਚੰਦਨ ਉਹਨਾਂ ਵਿੱਚੋਂ ਮੁਹਰੀ ਕਵੀ ਹੈ।

ਹੱਥਲੀ ਪੁਸਤਕ ਵਿਚ ਉਸ ਨੇ ਅਪਣੀਆਂ ਪੈਂਤੀ ਐਸੀਆਂ ਕਵਿਤਾਵਾਂ ਨੂੰ ਸੰਕਲਿਤ ਕੀਤਾ ਹੈ, ਜੋ ਅਧਿਆਤਮਕ ਰਸ ਨਾਲ ਲਬਰੇਜ਼ ਹਨ। ਇਸ ਸੰਗ੍ਰਹਿ ਦਾ ਆਰੰਭ ਉਹ ਇਹਨਾਂ ਸਤਰਾਂ ਨਾਲ ਕਰਦਾ ਹੈ:

**ਸੂਰਜ ਦਾ ਦੀਵਾ ਬਲੇ, ਹੱਥ ਵਿਚ ਗਗਨ ਦਾ ਥਾਲ**
**ਨਾਨਕ ਸ਼ਾਇਰ ਏਵ ਕਰਤ ਹੈ ਆਰਤੀ ਸ੍ਰੀ ਅਕਾਲ**

ਇਹਨਾਂ ਸਤਰਾਂ ਵਿਚ ਗੁਰੂ ਨਾਨਕ ਸਾਹਿਬ ਦੀ ਹੇਠ ਲਿਖੀ ਪੰਗਤੀ ਦਾ ਪ੍ਰਤਿਬਿੰਬ ਸਪਸ਼ਟ ਜਾਪਦਾ ਹੈ:

**ਨਾਨਕੁ ਸਾਇਰ ਏਵ ਕਹਤੁ ਹੈ ਸਚੇ ਪਰਵਦਗਾਰ**
(ਧਨਾਸਰੀ ਮ ੧, ਪੰਨਾ ੬੬੦)

ਗੁਰੂ ਨਾਨਕ ਨੇ ਹੀ ਆਪ ਨੂੰ ਸ਼ਾਇਰ ਨਹੀਂ ਕਿਹਾ, ਅਮਰਜੀਤ ਵੀ ਉਹਨਾਂ ਨੂੰ ਸ਼ਾਇਰ ਕਰਕੇ ਹੀ ਪਛਾਣਦਾ ਤੇ ਮੰਨਦਾ ਹੈ। ਦੂਜੀ ਗੱਲ ਜੋ ਇਸ ਵਿੱਚੋਂ ਸੁੱਝਦੀ ਹੈ, ਉਹ ਹੈ ਗੁਰੂ ਜੀ ਦੀ ਆਰਤੀ:

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ**
(ਸੋਹਿਲਾ, ਮ ੧, ਪੰਨਾ ੧੩)

ਜੇ ਕਹੀਏ ਕਿ ਏਹਾ ਇਸ ਪੁਸਤਿਕਾ ਦੀ ਰੂਹ ਹੈ, ਤਾਂ ਗ਼ਲਤ ਨਹੀਂ ਹੋਵੇਗਾ। ਤਦੇ ਤਾਂ ਜਦ ਉਹ ਆਪ ਆਰਤੀ ਲਿਖਦਾ ਹੈ, ਤਾਂ ਕਹਿੰਦਾ ਹੈ:

**ਆਰਤੀ ਉਤਾਰੋ ਸੁਰ ਨਾਦਬਿੰਦ ਦੀ**

**ਗਾ ਕੇ ਉਚਾਰੋ ਕੁਨ ਕੁਨ ਕੁਨ**
**ਸਾਹਮਣੇ ਨਿਹਾਰੋ ਹੁਣ ਹੁਣ ਹੁਣ**

ਤੇ ਫਿਰ ਇਸ ਆਰਤੀ ਦਾ ਅੰਤ ਇਉਂ ਕਰਦਾ ਹੈ:

**ਨਾਨਕ ਲਿਖਾਰੀ ਦੀ ਉਤਾਰੋ ਆਰਤੀ**

ਇਸੇ ਮਨੋਬਿਰਤੀ ਨਾਲ ਉਹ ਨਾਨਕ ਸਾਹਿਬ ਬਾਰੇ ਲਿਖਦਿਆਂ ਕਹਿੰਦਾ ਹੈ:

**ਜੋੜੀ ਖ਼ੂਬ ਸੁਹਾਵੈ ਬਾਬਾ ਤੇ ਮਰਦਾਨਾ**

**ਏਕ ਰਬਾਬ ਬਜਾਵੈ ਦੂਜਾ ਅਨਹਦ ਬਾਜਾ**

ਇਸੇ ਬਿਰਤੀ ਨੂੰ ਕਾਇਮ ਰਖਦਿਆਂ ਉਹ ਰੋਮ ਵਿਚ ਕੀਟਸ ਦੀ ਕਬਰ ਵੇਖ ਕੇ ਕਹਿੰਦਾ ਹੈ:

ਓਨਾ ਚਿਕਰ ਪਾਣੀ ਉੱਤੇ, ਕਾਗ਼ਜ਼ ਉੱਤੇ
ਲਿਖਿਆ ਰਹਿਣਾ ਉਸ ਦਾ ਨਾਮ
ਪੜ੍ਹਨ ਪਰਿੰਦੇ
ਬੱਦਲਾਂ ਦੀ ਉੜਦੀ ਧਰਤੀ ਉੱਤੇ ਛਾਂ
ਉਸ ਤੋਂ ਗੂਹੜਾ
ਮਿੱਟੀ ਉੱਤੇ ਪਾਣੀ ਉੱਤੇ ਪਿੰਡੇ ਉੱਤੇ
ਉਂਗਲ ਲਿਖਦੀ ਯਾਰ ਸੱਜਣ ਦਾ ਨਾਂ

੨

ਸਭ ਤੋਂ ਪਹਿਲਾਂ ਉਹ ਅਪਣੀ ਆਸਤਿਕਤਾ ਨੂੰ ਨਿਰੂਪਣ ਦੇ ਜਤਨਾਂ ਵਿਚ ਕਿਸੇ ਪ੍ਰਕਾਰ ਦਾ ਸੰਕੋਚ ਜਾਂ ਲੁਕਾ ਨਹੀਂ ਕਰਦਾ। ਉਹ ਰੱਬ ਨੂੰ ਕਈ ਨਾਵਾਂ ਨਾਲ ਯਾਦ ਕਰਦਾ ਹੈ - ਕੇਵਲ ਏਕਮਕਾਰ ਨਾਲ ਹੀ ਨਹੀਂ। ਕਿਤੇ ਉਸ ਨੂੰ "ਅੱਲ੍ਹਾ ਮੀਆਂ" ਆਖਦਾ ਹੈ, ਤਾਂ ਕਿਤੇ "ਯਹੋਵਾਹ", ਪਰ ਹਰ ਹਾਲ ਉਸ ਦੇ ਲਈ:

ਸਦਾ ਸਲਾਮਤ ਰੂਪ ਸਿਰਜਦੇ ਹੱਥ
ਸਦਾ ਸਲਾਮਤ ਅਣਕਥਿਆ ਜੋ ਕੱਥ

ਇਸ "ਸਦਾ ਸਲਾਮਤ ਗੁਣਾਂ" ਦੀ ਸੰਥਿਆ ਦਿੰਦੀ ਪੋਥੀ ਵੀ ਉਸ ਨੂੰ ਪਿਆਰੀ ਲਗਦੀ ਹੈ, ਕਿਉਂਕਿ:

ਪੋਥੀ ਰੱਬ ਦੀ ਦੇਹੀ
ਧੰਨੁ ਸੁ ਅੱਖਰ ਸ਼ਬਦੁ ਧੰਨੁ
ਧੰਨੁ ਕਾਤਬ ਧੰਨੁ ਲਿਖਾਰੀ
ਜਿਸ ਲਿਖੇ ਹੋਏ ਨੂੰ ਲਿਖਿਆ

ਲਿਖੇ ਹੋਏ ਨੂੰ ਲਿਖਣ ਵਾਸਤੇ ਵੀ "ਕਲਮ" ਦਾ ਪ੍ਰਸਾਦ ਦਰਕਾਰ ਹੋਂਦਾ ਹੈ। ਸੋ ਕਵੀ ਇਹਨਾਂ ਸ਼ਬਦਾਂ ਰਾਹੀਂ ਇਸ ਪ੍ਰਸਾਦ ਲਈ ਨਤਮਸਤਕ ਹੋਂਦਾ ਹੈ:

ਹੱਥ ਬੰਨ੍ਹ ਕੇ ਮੈਂ ਖੜ੍ਹਾ ਮਨ ਵਿਚ ਲੈ ਫ਼ਰਿਆਦ
ਕਦ ਮੈਨੂੰ ਵੀ ਮਿਲੇਗਾ ਕਲਮ ਦਾ ਪ੍ਰਸਾਦ

ਕੌਲ ਨਿਭਾਵਾਂ ਕਲਮ ਦਾ, ਮਨ ਵਿਚ ਬਲਦੀ ਸਾਂਗ
ਏਸ ਕਲਮ ਦੀ ਪ੍ਰੀਤ ਹੈ, ਮੁਕਤੀ ਦੀ ਨਾ ਤਾਂਘ

੩

ਰੱਬ ਤੇ ਸਤਿਗੁਰੂ ਮਗਰੋਂ ਉਹ ਮਾਂ ਵਲ ਧਿਆਨ ਮੋੜਦਾ ਹੈ। ਕਹਿੰਦੇ ਹਨ, "ਇਹ ਸੋਚ ਕੇ ਕਿ ਲੋਕ ਕਿਤੇ ਮੈਨੂੰ ਭੁੱਲ ਨ ਜਾਵਣ, ਰੱਬ ਨੇ ਮਾਂ ਪੈਦਾ ਕੀਤੀ।" ਇਸ ਨਾਤੇ ਮਾਂ ਨਿੱਕਾ ਰੱਬ ਹੋਂਦੀ ਹੈ ਤੇ ਰੱਬ ਵਰਗੇ ਆਦਰ ਦੀ ਹੱਕਦਾਰ ਵੀ। ਕਵੀ ਸਭ ਤੋਂ ਪਹਿਲਾਂ ਤ੍ਰਿਪਤਾ ਮਾਂ ਨੂੰ ਚਿਤਵਦਾ ਹੈ ਤੇ ਕਹਿੰਦਾ ਹੈ:

ਤ੍ਰਿਪਤਾ ਪੁਤ ਦੀ ਸੁਖ ਸੁਖ ਰਹੀ
ਇਹ ਤ੍ਰਿਪਤ ਹੋਈ ਔਰਤ ਦੀ ਭੁੱਖ ਹੈ

ਤੇ ਇਸ ਤੋਂ ਮਾਂ ਅਪਣੀ 'ਤੇ ਉਤਰ ਆਉਂਦਾ ਹੈ ਤੇ ਕਹਿੰਦਾ ਹੈ:

ਇਹ ਮਾਂ ਔਰਤ ਦੀ ਆਵਾਜ਼
ਜ਼ਿਦੀ ਉਂਗਲ ਫੜੀ ਮੈਂ ਤੁਰ ਰਿਹਾਂ

ਫਿਰ ਜੋੜਿਆਂ ਦੀ ਸੇਵਾ ਕਰ ਰਹੀ ਮਾਂ ਨੂੰ ਵੇਖ ਕਵੀ ਅਪਣੀ ਕਲਪਨਾ ਰਾਹੀਂ ਰੱਬ ਦੀ ਸਿਰਜਣਾ ਤੋਂ ਲੈ ਇਸ ਮਾਂ ਤਕ ਦੀ ਰੌਚਕ ਮਿਥ ਦਾ ਨਿਰਮਾਣ ਇਉਂ ਕਰਦਾ ਹੈ:

ਮਨੁੱਖ ਬਣਾਵਣ ਲਗਿਆਂ
ਰੱਬ ਨੇ ਪਹਿਲਾਂ ਪੈਰ ਬਣਾਏ
ਉਹਨਾਂ ਨੂੰ ਚੱਲਣ ਦਾ ਵਰ ਦਿੱਤਾ
ਬੰਦੇ ਨੇ ਫਿਰ ਪੈਰਾਂ ਵਾਸਤੇ ਘਰ ਬਣਾਇਆ
ਜੁਗੜੇ ਲਾ ਕੇ
ਜਾਨਵਰਾਂ ਨੇ ਚੰਮ ਅਪਣਾ ਲੇਖੇ ਲਾਇਆ
ਅੱਜ ਉਹ ਪੈਰ ਵੱਡੇ ਘਰ ਉਹਦਾ ਸ਼ੁਕਰ ਮਨਾਵਣ ਆਏ
ਬਾਹਰ ਅਸ਼ਟਾਂਗ ਪ੍ਰਣਾਮ ਕਰੇਸਣ ਜੁੱਤੀਆਂ
ਜੁੜੀ ਉਹਨਾਂ ਦੀ ਸੰਗਤ, ਉਹ ਵੀ ਸ਼ੁਕਰ ਮਨਾਵਣ

.....

ਮਾਂ ਚੁੰਨੀ ਦੇ ਪੱਲੇ ਨਾਲ
ਸੰਗਤੀਆਂ ਦੀਆਂ ਜੁੱਤੀਆਂ ਉੱਤੋਂ ਰਾਹਵਾਂ ਦੀ ਧੂੜ ਝਾੜਦੀ
ਨਾਲ ਉਹਨਾਂ ਦੇ ਗੱਲੀਂ ਲੱਗੀ
ਉਹ ਮਾਂ ਦਾ ਕੀਤਾ ਰੱਬ ਦਾ ਕੀਤਾ ਜਾਣਦੀਆਂ

ਫਿਰ ਜਦ ਉਹ ਇਹ ਕਹਿੰਦਾ ਹੈ ਕਿ:

ਬਾਬੇ ਦੀ ਬਾਣੀ
ਮੇਰੇ ਨਿੱਕੜੇ ਦੀ ਲੋਰੀ ਹੈ

ਫਿਰ ਉਸੇ ਮਾਂ ਦੇ ਚੇਤੇ ਦਾ ਇਕ ਹੋਰ ਬਿੰਬ ਪੇਸ਼ ਕਰਦਾ ਹੈ।

੪

ਮਾਂ ਹੀ ਸਭ ਨੂੰ ਪਾਲਦੀ ਤੇ ਉਹਨਾਂ ਦੀ ਦੇਹ ਸੁਆਰਦੀ ਹੈ। ਕਵੀ ਨੂੰ ਵੀ ਲਗਦਾ ਹੈ:

ਮਾਂ ਪੁੱਤ ਨੂੰ ਦੁੱਧ ਚੁੰਘਾਵੇ
ਉਹਦੇ ਸਿਰ 'ਤੇ ਹੱਥ ਫੇਰਦੀ ਸੋਚੇ –
ਸੁੱਖ ਨਾਲ ਵਾਹਵਾ ਲੰਮੇ ਹੋ ਗਏ ਕੇਸ
ਹੁਣ ਦੁੱਧ ਛੁਡਾ ਦੇਣਾ ਹੈ

ਇਥੇ ਕੇਸਾਂ ਤੇ ਪੱਗ ਦੀ ਸਿਫ਼ਤ ਵਿਚ ਲਿਖਦਾ ਹੈ:

ਪੁੱਤ ਨੇ ਪਹਿਲੀ ਵਾਰ ਪੱਗ ਬੰਨ੍ਹੀ ਹੈ
ਜਿਵੇਂ ਸੀ ਪਿਉ ਦੇ ਪਿਉ ਨੇ ਬੰਨ੍ਹੀ
ਉਹ ਅਪਣੇ ਪਿਤਰਾਂ ਨੂੰ ਚੇਤੇ ਕਰਦਾ
ਦਿਲ ਵਿਚ ਪੱਗ ਸਦਾ ਸਿਰ ਬੱਝੀ ਰਹਿਣ ਦੀ ਅਰਦਾਸ ਕਰਦਾ ਹੈ

ਪਰ ਅੱਜ ਕੇਸਾਂ ਖ਼ਾਤਰ ਜਾਨ ਦੇਣ ਵਾਲਿਆਂ ਦੀ ਥਾਂ ਨਾਸਤਿਕਤਾ ਖ਼ਾਤਰ ਜਾਂ ਕੇਵਲ ਨੌਕਰੀ ਖ਼ਾਤਰ ਹੀ ਕੇਸ ਦੇ ਦੇਣ ਵਾਲਿਆਂ ਦੀ ਢਾਣੀ ਵੀ ਜੰਮ ਪਈ ਹੈ। ਤਦੇ ਉਹ ਕਹਿੰਦਾ ਹੈ:

ਪਰ ਕਿਸ ਨੂੰ ਖ਼ਬਰ ਸੀ
ਇਕ ਦਿਨ ਅਣਹੋਣੀ ਹੋਣੀ

ਕਿਸੇ ਦਾ ਪੁੱਤ ਭਰਾ ਕਿਸੇ ਦਾ
ਕਿਸੇ ਦਾ ਸਿੱਖ
ਰੱਬ ਨੂੰ ਮਾਰਨ ਵਾਲ਼ਿਆਂ ਨਾਲ਼ ਰਲ਼ ਜਾਵੇਗਾ
...ਅਪਣੇ ਹੱਥੀਂ ਅਪਣੀ ਪੱਗ ਲਾਹਵੇਗਾ
ਉਹਦਾ ਸਿਰ ਆਰਿਆਂ ਨਾਲ਼ ਨਹੀਂ
ਕੈਂਚੀ ਨਾਲ਼ ਕੱਟਿਆ ਜਾਵੇਗਾ
ਕੈਂਚੀ ਵਿੱਚੋਂ ਚਿੱਟੇ ਕੋਰੇ ਕੱਪੜੇ ਨੂੰ ਪਾੜਨ ਵਰਗੀ
ਵਾਜ ਨਿਕਲੇਗੀ
ਕੇਸ, ਕਤਲ ਹੋਏ ਇਨਸਾਨਾਂ ਵਾਂਙੂੰ
ਪੈਰਾਂ ਵਿਚ ਡਿੱਗਣਗੇ
... ਫਿਰ ਉਸ ਅਪਣੀਆਂ ਅੱਖਾਂ ਵਿਚ ਝਾਕ ਨਹੀਂ ਸਕਣਾ

੫

ਕਵੀ ਨੂੰ ਕੀਰਤਨ ਵੀ ਮੋਹੰਦਾ ਹੈ, ਕੀਰਤਨੀਆ ਵੀ। ਉਸਨੂੰ ਲਗਦਾ ਹੈ:

ਸੁਰ ਵਿਚ ਸੋਚਣਾ ਹੀ ਗਾਉਣਾ ਹੈ
ਸੁਰ ਵਿਚ ਤੱਕਣਾ ਹੀ ਗਾਉਣਾ ਹੈ
ਸੁਰ ਵਿਚ ਛੁਹਣਾ ਵੀ ਗਾਉਣਾ ਹੈ
ਸੁਰ ਵਿਚ ਚੱਖਣਾ ਵੀ ਗਾਉਣਾ ਹੈ

ਰਾਂਝੇ ਦੀ ਵੰਝਲੀ ਤੇ ਕਾਨ੍ਹੇ ਦੀ ਬੰਸਰੀ ਇੱਕੋ ਵੇਲੇ ਅਪਣੀਆਂ ਸੁਰਾਂ ਦਾ ਜਾਦੂ ਉਸ ਪਰ ਕਰਦੀਆਂ ਹਨ:

ਕਵਣ ਸੁ ਰਾਂਝਾ ਕੌਣ ਕਨ੍ਹੱਈਆ
ਸੁੱਚੀ ਕਾਇਆ ਅੰਦਰ ਸਾਹ ਭਰਦਾ ਹੈ
ਬੁੱਲ੍ਹ-ਹੱਥਾਂ ਦੀ ਛੁਹ ਸੁਰਾਂ ਕੰਬਾਉਂਦੀ

ਕੀਰਤਨ ਕਰਨ ਵਾਲੀਆਂ ਆਤਮਾਵਾਂ ਨੂੰ ਸੁਣ ਕੇ ਵਿਸਮਾਦ ਵਿਚ ਆਉਂਦਾ ਹੈ ਤੇ ਕਹਿੰਦਾ ਹੈ:

ਭਲੋ ਭਲੋ ਰੇ ਕੀਰਤਨੀਆ
ਆਨੰਦ ਆਨੰਦ ਆਨੰਦ
ਵਾਹੁ ਵਾਹੁ ਵਾਹੁ

**ਸਾਜਨ ਪ੍ਰੇਮ ਸੰਦੇਸਰਾ**
**ਸੰਗਤ ਬੋਲ ਸੁਣਾਵੇ**

ਪਰ ਸੋਚਦਾ ਹੈ:

**ਸਭ ਖਿਰ ਜਾਣਾ ਮੈਂ ਨਾ ਹੋਣਾ**
**ਥਿਰ ਰਹਿਣਾ ਇਹ ਨਾਦ-ਸ਼ਬਦ ਅਨੋਖਾ**

੬

ਕਵੀ ਬਾਣੀ ਦੇ ਸੰਗੀਤ ਦੀ ਗੱਲ ਹੀ ਨਹੀਂ ਕਰਦਾ; ਉਸ ਦੇ ਬੋਲਾਂ ਦੀ, ਉਸ ਦੀ ਲਿਖਤ ਦੀ ਗੱਲ ਵੀ ਕਰਦਾ ਹੈ। ਉਹ ਜਾਣਦਾ ਹੈ:

**ਕਿਤਾਬ ਬੋਲਦੀ ਹੈ**
**ਪੈਂਤੀ ਦਾ ਅੱਖਰ ਅੱਖਰ ਬੋਲਦਾ ਹੈ**
**ਤੇ ਤਿਰਵੰਜਵਾਂ ਵੀ**
(ਇਥੇ ਸੰਕੇਤ ਬਾਵਨ ਅੱਖਰੀ ਵੱਲ ਹੈ)

ਅਮਰਜੀਤ ਅੱਖਰਾਂ ਦਾ ਕੌਸ਼ਲ ਵੀ ਜਾਣਦਾ ਹੈ, ਉਹਨਾਂ ਦੀਆਂ ਸੀਮਾਵਾਂ ਵੀ:

**ਙੰਙਾ ਞੰਞਾ**
**ਹਸਦੇ ਰਹਿੰਦੇ ਪੈਂਤੀਪੁਰ ਵਿਚ**
**ਸੰਙਦੇ, ਚੁਪ-ਚੁਪੀਤੇ ਗੱਲ ਨਾ ਕਰਦੇ**
**ਸਭ ਕੁਝ ਸੁਣਦੇ**

ਉਹ ਅੱਖਰਾਂ ਵਿੱਚੋਂ ਅਰਥ ਉਘਾੜਨ ਦੀਆਂ ਵਿਓਂਤਾਂ ਤੋਂ ਵੀ ਜਾਣੂ ਹੈ। ਕਈ ਵਾਰੀ ਤਾਂ ਬੜੇ ਢੁੱਕਵੇਂ ਬੋਲ ਪਤਾ ਨਹੀਂ ਕਿੱਥੋਂ ਕੱਢ ਕੇ ਲੈ ਆਉਂਦਾ ਹੈ। ਗੀਗੜਾ, ਧਰੇਜੜਾ, ਅੱਯਾਲ, ਕਲਯਾਣੀ, ਬਗੜ-ਮੁੰਜ, ਪਰੀਆਂ-ਪਰੇਸ਼ਟੇ, ਕੁੰਢੇ ਸਿੰਙ, ਹੁੱਬਿਆ, ਈਤੜੀਏ ਤਵੀਤੜੀਏ ਤੇ ਕਈ ਹੋਰ। ਕਈ ਬੋਲ ਘੜ ਵੀ ਲੈਂਦਾ ਹੈ, ਜਿਵੇਂ "ਪੈਂਤੀਪੁਰ", "ਪੰਚਮੁਖੀ ਕੰਚਮੁਖੀ", "ਮੌਨਮੁਖੀ ਯੌਨਮੁਖੀ" ਆਦਿ।

ਬੋਲ ਉਸ ਦਾ ਸਾਥ ਵੀ ਖ਼ੂਬ ਦਿੰਦੇ ਹਨ। ਉਹ ਇਹ ਵੀ ਜਾਣਦਾ ਹੈ:

**ਬਾਣੀ ਪਹਿਰਿਆ ਅੱਖਰ ਬਾਣਾ**
**ਅਰਥ ਪਰ੍ਹਾਂ ਕਿਤੇ ਹੋਰ ਪਿਆ ਹੈ**
**ਅੱਖਰ ਜਿਉਂ ਡਿਓੜ੍ਹੀ ਹਰਿਮੰਦਿਰ ਦੀ**

ਵਾਕਈ, ਅੱਖਰਾਂ ਵਿਚ ਅਰਥ ਨਹੀਂ ਹੋਂਦੇ। ਅਰਥ ਤਾਂ ਹਰਿਮੰਦਿਰ ਵਿਚ ਹਨ, ਅੱਖਰ ਤਾਂ ਉਥੇ ਦੀ ਡਿਉੜ੍ਹੀ ਵਾਕਰ ਹਨ, ਅਰਥ ਤੋਂ ਫ਼ਾਸਲੇ 'ਤੇ। ਕਵੀ ਜਾਣਦਾ ਹੈ, ਅਰਥ ਸ਼ਬਦਾਂ ਵਿਚ ਵੀ ਨਹੀ ਹੋਂਦੇ। ਤਦੇ ਤਾਂ ਉਹ ਕਹਿੰਦਾ ਹੈ:

**ਸ਼ਬਦ ਆਲ੍ਹਣਾ**
**ਅਰਥ ਹੈ ਮੁਕਤਾ ਵਿਚ ਅਸਮਾਨੀਂ ਉੜਦਾ**


ਅੱਖਰਾਂ ਤੇ ਸ਼ਬਦਾਂ ਦੀ ਸੀਮਾ ਹੀ ਉਹ ਖ਼ੂਬ ਨਹੀਂ ਜਾਣਦਾ, ਅਪਣੀ ਸੀਮਾ ਵੱਲੋਂ ਵੀ ਸਚੇਤ ਹੈ। ਤਦੇ ਤਾਂ ਇਕਬਾਲ ਕਰਦਾ ਹੈ ਕਿ –

**ਕਾਗਤ ਮਿੱਟੀ, ਕੰਬਦੀ ਉਂਗਲ, ਅੱਖਰ ਏਕਮਕਾਰ**
**ਲਿਖਾਂ, ਭੁੱਲਾਂ, ਮੁੜ ਲਿਖਾਂ, ਜਨਮ ਲਵਾਂ ਕਈ ਵਾਰ**

ਇਹਨਾਂ ਸ਼ਬਦਾਂ ਨਾਲ਼ ਮੈਂ ਅਮਰਜੀਤ ਚੰਦਨ ਦੀ ਇਸ ਪੁਸਤਿਕਾ ਦਾ ਖ਼ੈਰ-ਮਕਦਮ ਕਰਨ ਦੀ ਖ਼ੁਸ਼ੀ ਲੈਂਦਾ ਹਾਂ।

**ਜਸਵੰਤ ਸਿੰਘ ਨੇਕੀ**

ਸੂਰਜ ਦਾ ਦੀਵਾ ਬਲ਼ੇ, ਹੱਥ ਵਿਚ ਗਗਨ ਦਾ ਥਾਲ਼।
ਨਾਨਕ ਸ਼ਾਇਰ ਏਵ ਕਰਤ ਹੈ, ਆਰਤੀ ਸ੍ਰੀ ਅਕਾਲ॥



## ਮੰਗਲਾਚਰਣ

ਸਦਾ ਸਲਾਮਤ ਘਟ ਘਟ ਵਾਜੇ ਨਾਦ।
ਸਦਾ ਸਲਾਮਤ ਵਿੱਛੜਿਆਂ ਦੀ ਯਾਦ॥
ਸਦਾ ਸਲਾਮਤ ਪਹੁੜੀ ਸਦਾ ਸਲਾਮਤ ਸੰਝ।
ਸਦਾ ਸਲਾਮਤ ਅੱਖੀਆਂ ਸਦਾ ਸਲਾਮਤ ਹੰਝ॥
ਸਦਾ ਸਲਾਮਤ ਰੂਪ ਸਿਰਜਦੇ ਹੱਥ।
ਸਦਾ ਸਲਾਮਤ ਅਣਕਥਿਆ ਜੋ ਕੱਥ॥
ਸਦਾ ਸਲਾਮਤ ਰੰਗ ਸੁਰੰਗ ਅਨੇਕ।
ਸਦਾ ਸਲਾਮਤ ਅਨੇਕ ਭਇਆ ਜੋ ਏਕ॥
ਸਦਾ ਸਲਾਮਤ ਰੋਸ਼ਨੀ ਸਦਾ ਸਲਾਮਤ ਛਾਂ।
ਸਦਾ ਸਲਾਮਤ ਬਾਲਕਾ ਸਦਾ ਸਲਾਮਤ ਮਾਂ॥
ਸਦਾ ਸਲਾਮਤ ਪੱਲੜਾ ਸਦਾ ਸਲਾਮਤ ਪੱਗ।
ਸਦਾ ਸਲਾਮਤ ਬਲ਼ਦੀ ਚੁੱਲ੍ਹੇ ਦੇ ਵਿਚ ਅੱਗ॥
ਸਦਾ ਸਲਾਮਤ ਦੁੱਖੜੇ ਸਦਾ ਸਲਾਮਤ ਸੁੱਖ।
ਸਦਾ ਸਲਾਮਤ ਰੁੱਖੜੇ ਸਦਾ ਸਲਾਮਤ ਕੁੱਖ॥
ਸਦਾ ਸਲਾਮਤ ਕਾਨੀ ਸਦਾ ਸਲਾਮਤ ਮਸ।
ਸਦਾ ਸਲਾਮਤ ਗਾਂਵਦਾ ਮਾਨਸ ਪੋਥੀ ਜਸ॥




## ਆਰਤੀ

ਆਰਤੀ ਉਤਾਰੋ
ਆਰਤੀ ਉਤਾਰੋ
ਸੁਰ ਨਾਦਬਿੰਦ ਦੀ
ਗਾ ਕੇ ਉਚਾਰੋ
ਕੁਨ ਕੁਨ ਕੁਨ
ਸਾਹਮਣੇ ਨਿਹਾਰੋ
ਹੁਣ ਹੁਣ ਹੁਣ

ਹਰ ਸ਼ੈਅ ਦੀ ਉਤਾਰੋ ਆਰਤੀ
ਥਾਲ਼ ਦੀ ਉਤਾਰੋ
ਮਿੱਟੀ ਦੇ ਦੀਵਿਆਂ ਦੀ
ਜੋਤ ਦੀ ਉਤਾਰੋ ਆਰਤੀ

ਆਰਤੀ ਉਤਾਰੋ
ਪੰਜ ਆਬ ਦੀ ਉਤਾਰੋ ਆਰਤੀ
ਮਾਤਾ ਦੇ ਪੈਰਾਂ ਦੀ
ਅਪਣੇ ਜਠੇਰਿਆਂ ਦੀ
ਜਿਤ ਕੇ ਹਾਰਿਆਂ ਦੀ
ਆਰਤੀ ਉਤਾਰੋ ਭਾਈ ਮਹੀਵਾਲ ਦੀ

ਆਰਤੀ ਉਤਾਰੋ
ਕਿਤਾਬ ਦੀ ਉਤਾਰੋ ਆਰਤੀ
ਕਾਗ਼ਜ਼ ਤੇ ਕਲਮ ਦੀ
ਕਾਲੜੀ ਸਿਆਹੀ ਦੀ
ਨਾਨਕ ਲਿਖਾਰੀ ਦੀ ਉਤਾਰੋ ਆਰਤੀ



# ਭਿੱਖੂ

ਭਿੱਖ ਮੰਗ ਦੁਆ ਮੰਗ
ਉਹਦੇ ਕੋਲ਼ੋਂ ਇਹੋ ਮੰਗ
ਸਭ ਰੰਗ ਸਦਾ ਰੰਗ
ਸੁਰ ਮੰਗ ਪਿਆਰ ਮੰਗ
ਦਰਸ਼ਨ ਦੀਦਾਰ ਮੰਗ
ਜਿੰਦ ਮੰਗ ਜਾਨ ਮੰਗ
ਦੁੱਖ ਨਾਲ਼ੋਂ ਮੌਤ ਮੰਗ
ਲੋਅ ਮੰਗ ਧੁੱਪ ਮੰਗ
ਦਿਲ ਵੱਟੇ ਦਿਲ ਮੰਗ
ਦੁੱਧ ਮੰਗ ਪੁੱਤ ਮੰਗ
ਖੇਲਣੇ ਨੂੰ ਚੰਦ ਮੰਗ
ਦੇਵਣੇ ਦਾ ਵਰ ਮੰਗ
ਅੱਲ੍ਹਾ ਮੀਆਂ ਬੜੇ ਮਿਹਰਬਾਨ ਨੇ
ਜੋ ਵੀ ਮੰਗਣਾ ਤੂੰ ਲੈ ਮੰਗ
ਉਹਦੇ ਕੋਲ਼ੋਂ ਇਹੋ ਮੰਗ
ਸਭ ਰੰਗ ਸਦਾ ਰੰਗ




•••

ਬਾਪੂ ਮੇਰਾ ਮੇਲੇ ਦੇ ਵਿਚ
ਅਪਣੀ ਬਾਂਹ 'ਤੇ ਖੁਣਿਆ ੴ ਪੜ੍ਹਨਾ ਜਾਣੇ
ਰੁੱਤ ਜਵਾਨੀ ਦੁਖੀਆ ਅਪਣਾ ਨਾਂ ਰੱਖਿਆ ਹੈ
ਲੋਕ 'ਕਵੀ ਜੀ' ਆਖ ਬੁਲਾਂਦੇ ਬੜਾ ਗਿਆਨੀ

ਪਰ ਕਾਗ਼ਜ਼ ਨੂੰ ਦੁੱਖ ਦਸਦਿਆਂ ਸੰਙ ਕਿਉਂ ਆਵੇ
ਸਮਝ ਨ ਆਉਂਦੀ
ਕਦੇ ਕਿਸੇ ਨੂੰ ਕੁਝ ਨਾ ਦਸਦਾ ਅੱਖੀਆਂ ਭਰਦਾ
ਚੁੱਪ ਕਰ ਜਾਵੇ
ਰੂਹ ਵਿਚ ਬੈਠਾ ਮੋਰ ਕੂਕਦਾ ਉਸਨੂੰ ਚੁੱਪ ਕਰਾਵੇ

ਮਾਂ ਮੇਰੀ ਨੂੰ ਹਰਫ਼ਾਂ ਦੀ ਬੋਲੀ ਨ ਆਉਂਦੀ
ਜਦ ਵੀ ਕੱਲੀ ਹੁੰਦੀ ਕੀਹਦੇ ਨਾਲ਼ ਹੈ ਗੱਲਾਂ ਕਰਦੀ
ਦਾਣੇ ਚੁਗਦੀ ਚੱਕੀ ਪੀਂਹਦੀ ਚਰਖਾ ਕੱਤਦੀ
ਕਦੇ ਕਿਸੇ ਨੂੰ ਦੁੱਖ ਨਾ ਦਸਦੀ ਢਿੱਡ ਨ ਫੋਲ਼ੇ
ਬੈਠ ਬਰੂਹੀਂ ਸਾਧ-ਪੁੱਤ ਨੂੰ ਨਿਤ ਉਡੀਕੇ
ਉੱਚੀ ਉੱਚੀ ਰੋਂਦੀ ਕੋਈ ਨਾ ਚੁੱਪ ਕਰਾਵੇ

ਮੇਰੇ ਜਣਦੇ ਦਸ ਨਾ ਸਕੇ ਜਿਹੜੀ ਵਿਥਿਆ
ਓਹੀਓ ਮੇਰੇ ਹਿੱਸੇ ਆਈ
ਲੱਖ ਜਤਨ ਕੀਏ ਮੈਂ ਦਸਣਾ ਚਾਹਵਾਂ
ਦਸ ਨਾ ਹੋਈ
ਹਰਫ਼ਾਂ ਦੀ ਹਿੰਝਾਂ ਦੀ ਹਰ ਬੋਲੀ ਬੋਲ ਕੇ ਦੇਖੀ
ਕੈਸੇ ਮਾਤ ਪਿਤਾ ਦਾ ਕੈਸਾ ਬਾਲ ਅਵਾਣਾ



3

## ਲਿਖਿਆ ਹੈ

ਇਟਲੀ ਦੇ ਸ਼ਹਿਰ ਰੋਮ ਵਿਚ ਸ਼ਾਇਰ ਜੌਨ੍ਹ ਕੀਟਸ (1795-1821) ਦੀ ਕਬਰ 'ਤੇ ਲਿਖਿਆ ਹੈ:
Here lies one whose Name was Writ in Water.

ਸਭ ਕੁਝ ਦਾਯਮ-ਕ਼ਾਯਮ
ਜਿੰਨਾ ਚਿਕਰ ਰਹਿਣੀ ਚਸ਼ਮ-ਏ-ਨਮ
ਓਨਾ ਚਿਕਰ ਪਾਣੀ ਉੱਤੇ ਕਾਗ਼ਜ਼ ਉੱਤੇ
ਲਿਖਿਆ ਰਹਿਣਾ ਉਸ ਦਾ ਨਾਮ
ਪੜ੍ਹਨ ਪਰਿੰਦੇ
ਬੱਦਲ਼ਾਂ ਦੀ ਉੜਦੀ ਧਰਤੀ ਉੱਤੇ ਛਾਂ
ਉਸ ਤੋਂ ਗੂੜ੍ਹਾ
ਮਿੱਟੀ ਉੱਤੇ ਹਵਾ ਦੇ ਉੱਤੇ ਪਿੰਡੇ ਉੱਤੇ
ਉਂਗਲ਼ ਲਿਖਦੀ ਯਾਰ ਸੱਜਣ ਦਾ ਨਾਂ

ਸਾਗਰ ਦੀ ਛੱਲ ਧਾ ਕੇ ਆਂਦੀ
ਰੇਤ 'ਤੇ ਪੜ੍ਹਦੀ ਲਿਖਿਆ ਅਪਣਾ ਨਾਵਾਂ
ਆਦਿ-ਜੁਗਾਦੀ
ਪੱਤੇ ਉੱਤੇ ਪੱਤੇ ਦਾ
ਕਾਗ਼ਜ਼ ਉਪਰ ਕਾਨੀ ਦਾ
ਸ਼ਾਂਤ ਸਰੋਵਰ ਅੰਦਰ ਹਰਿਮੰਦਰ ਦਾ ਪਰਛਾਵਾਂ



ਸਿਆਹੀ ਕੀ ਬਿਧਿ


੧ ਸਿਰਿਸਾਹੀ ਕਜਲ ਵਜਨੁ
੧ ਬੋਲੁ  ੨ ਗੂੰਦ ਕਿਕਰ ਕਾ
ਇਕ ਰਤੀ ਲਾਜਵਰਦ
ਇਕ ਰਤੀ ਸੁਇਨਾ॥ ਬਿਜੇਸਾਰ ਕਾ ਪਾਣੀ
ਤਾਮੇ ਕਾ ਭਾਂਡਾ ਨਿਮੁ ਕੀ ਲਕੜੀ ਦੂਰ ਕਾ ਕਜਲੁ ਦਿਹ ਵੀਹ ਘਸਣੀ ਰਵਾਲ ਰਖਣੀ
ਗੁਰੂ ਰਾਮਦਾਸ ਜੀਉ ਕਿਆ ਦਸਤਖਤ ਕਾ ਨਕਲ
ਥਾ ਥਾ ਤਿਸ ਕਾ ਨਕਲੁ ਨਕਲ ਕਾ ਨਕਲੁ॥

ਇਹ ਵਿਧੀ ਲੰਦਨ ਸ਼ਹਿਰ ਵਾਲ਼ੀ ਬ੍ਰਿਟਿਸ਼ ਲਾਇਬ੍ਰੇਰੀ ਵਿਚ ਪਏ ਆਦਿ ਗ੍ਰੰਥ ਦੀ ੧੭੨੭ ਈਸਵੀ ਚ ਤਿਆਰ ਹੋਈ ਬੀੜ ਦੇ ਅਖ਼ੀਰ ਚ ਦਰਜ ਹੈ।

## ਕਵਿਤਾ ਕੀ ਬਿਧਿ

੧ ਕਜਲਰੇਖ ਵਜ਼ਨ
੧ ਬੋਲ
੨ ਕਿਕਰ ਦੇ ਫੁੱਲ
ਇਕ ਰਤੀ ਮਨਢੰਗਾ
ਇਕ ਰਤੀ ਬਿਰਹੜਾ॥ ਅਮ੍ਰਿਤ ਮਿੱਟੀ ਕਾ ਭਾਂਡਾ
ਸ਼ਬਦ ਕੀ ਲਕੜੀ ਦੂਰ ਕਾ ਕੱਜ਼ਲ
ਨਿਸਦਿਨ ਸਿਮਰਨੀ ਰਵਾਲ ਰੱਖਣੀ
ਨਾਮਾਲੂਮ ਕੇ ਦਸਤਖ਼ਤ ਕਾ ਨਕਲ ਥਾ ਥਾ
ਤਿਸ ਕਾ ਨਕਲੁ ਨਕਲ ਕਾ ਨਕਲੁ॥   ੧੯੯੮

ਬੋਲੁ ਇੱਕ ਦਵਾ ਹੈ ਇਸਦਾ ਅੰਗ੍ਰੇਜ਼ੀ ਨਾਉਂ Myrrh ਅਤੇ ਫ਼ਾਰਸੀ ਵਿੱਚ ਮੁਰ ਹੈ. ਵੈਦਕ ਵਿੱਚ ਇਸਦੀ ਤਾਸੀਰ ਗਰਮ ਹੈ. ਪੇਟ ਦੀਆਂ ਬੀਮਾਰੀਆਂ ਦੂਰ ਕਰਦੀ ਹੈ. ਸੰਸਕ੍ਰਿਤ ਵਿੱਚ ਇਸਨੂੰ ਮਸਿਵਰਧਨ ਭੀ ਆਖੀਦਾ ਹੈ. ਭੰਗਰਾ. ਬੰਗਾਲੀ ਵਿੱਚ ਇਸਦਾ ਨਾਉਂ ਮਸਿਰਾਜ ਹੈ. ਪੌਧਾ, ਜੋ ਬਹੁਤ ਕਰਕੇ ਬਰਸਾਤ ਵਿੱਚ ਹੁੰਦਾ ਹੈ. ਇਸਦੀ ਜੜ ਤੇ ਪੱਤਿਆਂ ਦਾ ਰਸ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. ਪੁਰਾਣੇ ਲਿਖਾਰੀ ਸਿਆਹੀ ਵਿੱਚ ਇਸਦਾ ਰਸ ਪਾਇਆ ਕਰਦੇ ਸਨ. ਬਹੁਤ ਲੋਕਾਂ ਦਾ ਖ਼ਿਆਲ ਹੈ ਕਿ ਇਸਦੇ ਰਸ ਸੇਵਨ ਤੋਂ ਬਾਲ ਚਿੱਟੇ ਨਹੀਂ ਹੁੰਦੇ ਅਰ ਇਸ ਕਾਰਣ ਸੰਸਕ੍ਰਿਤ ਵਿੱਚ ਇਸਦਾ ਨਾਮ ਕੇਸ਼ਰੰਜਨ ਭੀ ਹੈ. Verbesina prostrata ਦੱਪਣੀ ਖ਼ੁਰਚਣੀ ਨਹੀਂ, ਕੇਵਲ ਫੁੱਲ ਉਤਾਰ ਲੈਣਾ. - ਗੁਰੁਸ਼ਬਦ ਰਤਨਾਕਰ ਮਹਾਨ ਕੋਸ਼



## ਨਨਕਾਣਾ

ਨਨਕਾਣਾ ਧੁਰਾ ਧਰਤੀ ਦਾ

ਨਨਕਾਣਾ ਸੂਰਜ ਬ੍ਰਹਿਮੰਡ ਦਾ

ਕੁੱਖ ਸ਼ਬਦ ਦੀ ਨਨਕਾਣਾ ਹੈ

ਨਨਕਾਣਾ ਮੰਜ਼ਿਲ ਹੈ ਕੁੱਲ ਰਾਹਵਾਂ ਦੀ
ਨਨਕਾਣਾ ਘਰ ਦਾ ਰਾਹ ਹੈ


ਏਥੇ ਰਿਜ਼ਕ ਦਾ ਖੇਤ ਸਦਾ ਹੀ ਹਰਿਆ ਰਹਿੰਦਾ

ਬਿਰਛਾਂ ਦੀ ਛਾਂ ਖੜ੍ਹੋਤੀ ਇੱਕੋ ਥਾਵੇਂ
ਏਥੇ ਹਰ ਪਲ ਰਾਤ ਚਾਨਣੀ   ਅਮ੍ਰਿਤ ਵੇਲਾ ਪਹਿਰ ਰਾਤ ਦਾ
ਨਿਤ ਗਿਆਨ ਦੀ ਅੱਖ ਖੁੱਲ੍ਹਦੀ ਹੈ

ਏਥੇ ਰਬਾਬ ਵਜਾਏ ਮਰਦਾਨਾ ਬਾਬਾ
ਧੁਰ ਕੀ ਬਾਣੀ ਸੰਗਤ ਕਰਦਾ

ਸੁਣਿਐ ਏਥੇ ਕਿਸੇ ਨੂੰ ਪੋਹ ਨਈਂ ਸਕਦਾ ਕਾਲ਼

ਇਹ ਨਨਕਾਣਾ ਹੈ



## ਬਾਬਾ ਨਾਨਕ ਤੇ ਬਾਬਾ ਮਰਦਾਨਾ

ਬਾਬੇ ਦੀ ਬਾਣੀ ਮਰਦਾਨਾ ਗਾਵੈ
ਬਾਬਾ ਅਪਣਾ ਉੱਚਰਿਆ ਆਪ ਸੁਣੇ ਹੈ

ਜੋੜੀ ਖ਼ੂਬ ਸੁਹਾਵੈ ਬਾਬਾ ਤੇ ਮਰਦਾਨਾ
ਏਕ ਰਬਾਬ ਬਜਾਵੈ  ਦੂਜਾ ਅਨਹਦ ਬਾਜਾ

ਮਾਈ ਭਾਈ ਤੇ ਲਾਲੋ ਬੈਠੇ
ਪਰ੍ਹਿਓਂ ਹੋਰ ਪਰ੍ਹਿਓਂ ਉਸ ਧਰਤੀ ਉੱਤੋਂ
ਕੌਣ ਫ਼ਰਿਸ਼ਤੇ ਉਤਰੇ ਇਸ ਧਰਤੀ ਦੇ ਉੱਤੇ
ਜਿਨਕੇ ਕੰਨੀਂ ਰਿਸਦੀ ਬਾਣੀ

ਛਾਂ ਟਿਕੀ ਮਨ ਟਿਕਿਆ
ਟਿਕ ਗੇ ਗਰਦਿਸ਼ ਕਰਦੇ ਖੰਡ ਨਛੱਤਰ

ਰੱਬ ਜੀ ਰੁਕ ਕੇ ਅਪਣੀ ਮਹਿਮਾ ਸੁਣਦੇ
ਹੱਥ ਮਿਹਰ ਦਾ ਰੱਖਿਆ ਬਾਬੇ ਦੇ ਸਿਰ ਉੱਤੇ

ਹੈਂ! ਬਾਬਾ ਜੀ ਮਰਦਾਨੇ ਨਾ' ਗਾਵਣ ਲੱਗੇ ਹਨ

ਮਰਦਾਨਾ ਜੀ ਬਾਬੇ ਵਲ ਤੱਕ ਕੇ ਮੁਸਕਾਏ ਹਨ



## ਪੋਥੀ

ਪੋਥੀ ਰੱਬ ਦੀ ਦੇਹੀ

ਧੰਨੁ ਸੁ ਅੱਖਰ ਸ਼ਬਦ ਧੰਨੁ
ਧੰਨੁ ਕਾਤਬ ਧੰਨੁ ਲਿਖਾਰੀ
ਜਿਸ ਲਿਖੇ ਹੋਏ ਨੂੰ ਲਿਖਿਆ

ਧੰਨੁ ਲਿਖਿਆ ਵਾਚਣ ਵਾਲ਼ਾ
ਧੰਨੁ ਪਾਠੀ ਪਾਠ ਵਿਚਾਰਨ ਵਾਲ਼ਾ
ਧੰਨੁ ਸਰੋਤਾ ਜਿਸਦੇ ਕੰਨੀਂ ਰਿਸਦੀ ਵਾਣੀ

ਧੰਨੁ ਉਹ ਹੱਥ ਜੋ ਪੋਥੀ ਛੁਹੰਦੇ
ਹੱਥ ਜਿਨ੍ਹਾਂ ਨੇ ਪੋਥੀ ਛੋਹੀ
ਜਿਨ੍ਹਾਂ ਹੱਥਾਂ ਵਿਚ ਪੋਥੀ ਹੋਣੀ
ਧੰਨੁ ਸੁ ਹੱਥ ਸਭ ਕੁਛ ਸਾਜਣ ਵਾਲ਼ਾ




ਧੰਨੁ ਜਾਨਵਰ
ਜਿਸਦੀ ਚਮੜੀ ਲੱਗੀ ਪੋਥੀ ਲੇਖੇ
ਧੰਨੁ ਬਗੜ-ਮੁੰਜ
ਜੋ ਗਲ਼ ਕੇ ਕਾਗਦੁ ਰੂਪ ਸਮਾਈ
ਧੰਨੁ ਉਹ ਕਾਗਦੁ ਉੜਨ ਖਟੋਲਾ
ਧੰਨੁ ਕਾਗਦੁ ਰਚੀ ਸਿਆਹੀ
ਜਿਸਕੇ ਸਦਕੇ ਅੱਖਰ ਬਣਿਆ
ਤੇ ਜੋ ਕੁਛ ਹੈ ਉਹ ਸਭ ਕੁਛ ਉਸ ਮਾਹੀਂ

ਧੰਨੁ ਘੁਮਿਆਰ ਜਿਸ ਰੋਸ਼ਨਾਈ ਦਵਾਤ ਬਣਾਂਈ
ਧੰਨੁ ਸੁ ਕਲਮ ਕਿਸ ਕੀਏ 'ਸ਼ਨਾਨਾ
ਧੰਨੁ ਚਮਿਆਰ ਜਿਸਨੇ ਚਮੜਾ ਉਸ ਕੇ ਰੰਗ ਮੇਂ ਰਾਤਾ
ਧੰਨੁ ਸੁ ਖੁਰਪੀ ਧੰਨੁ ਸੁ ਆਟਾ ਧਾਗਾ
ਜਿਤ ਸੁਹਣੀ ਜਿਲਤ ਬੰਧਾਈ


ਧੰਨੁ ਸੰਤੋਖੀ ਪੋਥੀ ਦੇ ਅੰਦਰ ਦਾ ਨੇਰ੍ਹਾ
ਧੰਨੁ ਲਏ ਵਾਕ ਦਾ ਚਾਨਣ

ਧੰਨੁ ਉਹ ਥਾਨ ਜਿਥੇ ਪੋਥੀ ਦਾ ਹੈ ਵਾਸਾ
ਜਿਸ ਥਾਵੇਂ ਕੋਈ ਕਿਸੇ ਨੂੰ ਮਿਲ਼ਦਾ
ਪੂਰਾ ਕਰਦਾ ਵਾਅਦਾ



## ਗੁਰਮੁਖੀ

ਗੁਰਮੁਖੀ ਹੈ
ਪੰਚਮੁਖੀ
ਕੰਚਮੁਖੀ
ਭਗਨਮੁਖੀ
ਹੈ ਪਵਨਮੁਖੀ।
ਜਲਮੁਖੀ
ਥਲਮੁਖੀ
ਹੈ ਨਭੋਮੁਖੀ।
ਮੌਨਮੁਖੀ
ਯੌਨਮੁਖੀ
ਹੈ ਮਾਤਮੁਖੀ।
ਹਰ ਜਾਤਿਮੁਖੀ
ਪੁਸ਼ਪਮੁਖੀ
ਲਿਪਤਮੁਖੀ
ਹੈ ਸੁਪਤਮੁਖੀ।
ਸ੍ਵਪਨਮੁਖੀ
ਹੈ ਸੂਰਯਮੁਖੀ
ਜਾਗ ਜਾਗ
ਹੇ ਦਹਮੁਖ ਮੰਡਲ॥



## ਲਿਖਣਸਰ

ਸਾਬੋ ਕੀ ਤਲਵੰਡੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸੰਗਤੀਏ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਪਾਵਨ ਗ੍ਰੰਥ ਦੀਆਂ ਬੀੜਾਂ ਲਿਖਣ ਦੀ ਸੇਵਾ ਕਰਦੇ ਸਨ। ਰਵਾਇਤ ਹੈ ਕਿ ਗੁਰੂ ਜੀ ਨੇ ਭਾਈ ਮਨੀ ਸਿੰਘ ਦੀ ਲਿਖਣੀ ਤੇ ਮਸ (ਸਿਆਹੀ) ਜਲ ਪਰਵਾਹ ਕਰ ਦਿੱਤੀ ਸੀ ਕਿ ਇਸ ਗੁਰੂ ਕੀ ਕਾਸ਼ੀ ਵਿਦਿਆ ਦੀ ਟਕਸਾਲ ਵਿਚ ਲੇਖਕ ਗੁਣੀ ਕਵੀਂਦਰ ਗਿਆਨੀ ਪੈਦਾ ਹੋਣਗੇ; ਇਥੋਂ ਗਿਆਨ ਦੀ ਨਦੀ ਵਗੇਗੀ। - ਲਿਖਣਸਰ ਗੁਰਦੁਆਰੇ ਵਿਚ ਸੰਗਤਾਂ ਪੈਂਤੀ ਅੱਖਰੀ ਨੂੰ ਮੱਥਾ ਟੇਕਦੀਆਂ ਗਿਆਨ-ਧਿਆਨ ਦਾ ਵਰ ਮੰਗਦੀਆਂ ਹਨ। ਪਹਿਲਾਂ ਗੁਰਦੁਆਰੇ ਅੱਗੇ ਪਈ ਰੇਤ ਵਿਚ ਮਾਵਾਂ ਅਪਣੇ ਬੱਚਿਆਂ ਕੋਲੋਂ ਪੰਜਾਬੀ ਦੇ ਪ੍ਰਥਮ ਅੱਖਰ ਦਾ ਪੂਰਨਾ ਪਵਾਉਂਦੀਆਂ ਹੁੰਦੀਆਂ ਸਨ। ਹੁਣ ਹਰ ਪਾਸੇ ਪੱਥਰ ਹੀ ਪੱਥਰ ਹੈ।


ਇਹ ਥਾਂ ਕਾਸ਼ੀ ਗੁਰੂ ਕੀ ਵਿਦਿਆ ਦੀ ਟਕਸਾਲ।
ਪੱਬਾਂ ਭਾਰ ਉਡੀਕਦੀ ਬਹੁੜੇਗਾ ਲੱਜਪਾਲ॥

ਸੰਗਤਾਂ ਸਰ ਨਿਵਾਂਦੀਆਂ, ਪੈਂਤੀ ਰੱਬ ਸਰੂਪ।
ਚਾਨਣ ਚਸ਼ਮੇ ਫੁੱਟ ਰਹੇ, ਅੱਖਰ ਅਰਥ ਅਨੂਪ॥

ਕੌਤਕ ਕਦੇ ਨ ਮੁੱਕਦੇ, ਨਾ ਬਣਦੇ ਇਤਿਹਾਸ।
ਸੱਚਾ ਬਣਦਾ ਜਾਂਵਦਾ ਸੁਪਨੇ ਦਾ ਮਿਥਿਹਾਸ॥

ਕੂੜ ਹਨੇਰ੍ਹੀ ਵਗ ਰਹੀ, ਦਿਨੇ ਪਈ ਹੈ ਰਾਤ।
ਮੇਲੇ ਉੜਦੀ ਧੂੜ ਚੋਂ ਸੱਜਣ ਪਾਵਣ ਝਾਤ॥

ਸਭ ਕੁਝ ਹੋਈ ਜਾਂਵਦਾ, ਇਸ ਵੇਲੇ ਇਸ ਬਿੰਦ।
ਪੰਜ ਸਦੀਆਂ ਦਾ ਫ਼ਾਸਲਾ ਸਿਮਟੇ ਇੱਕੋ ਬਿੰਦ॥



ਕਲਗੀਧਰ ਬਿਰਾਜਦੇ ਲਿਖਣਸਰ ਦੀ ਝੀਲ।
ਪਾਂਦੇ ਅੱਖਰ ਪਹਿਲੜਾ, ਭਰ ਕੇ ਮਸਿ ਅਨੀਲ॥

ਘੜ ਘੜ ਕਲਮਾਂ ਸੱਟਦੇ, ਕਰਦੇ ਜਲ ਪਰਵਾਹੁ।
ਨਾਮ 'ਸ਼ਨਾਨ ਕਰੇਂਦੀਆਂ, ਕਰਸਨ ਵਾਹੁ ਵਾਹੁ॥

ਸਾਧ ਜਨ ਪਏ ਪੁੱਛਦੇ, ਹੁੰਦੇ ਬਹੁਤ ਹਰਾਨ।
ਅੱਗੋਂ ਆਖਣ ਸਤਿਗੁਰੂ: ਇਹ ਬੀਜਕ ਗਿਆਨ ਧਿਆਨ॥

ਤਿਨ ਕੇ ਕਾਰਨ ਕਲਮ ਗਢ, ਦੇਤ ਪ੍ਰਗਟ ਹਮ ਤਾਰ।
ਸਿਖ ਸਖਾ ਇਤ ਪੜ੍ਹੈਂਗੇ, ਹਮਰੇ ਕਈ ਹਜਾਰ*॥

* ਗੁਰਵਿਲਾਸ ਪਾਤਸਾਹੀ ੧੦

ਦੀਪ ਮਨੀ ਸਿੰਘ ਭਾਈ ਜੀ ਮੋਤੀ ਖ਼ੁਸ਼ਨਵੀਸ।
ਲਿਖੇ ਹੋਏ ਨੂੰ ਲੇਖਦੇ, ਕੈਸੇ ਖ਼ੁਸ਼ਨਸੀਬ॥


ਏਸ ਕਲਮ ਦੀ ਨੋਕ ਹੈ, ਤਿੱਖੀ ਖੰਡਿਓਂ ਧਾਰ।
ਡਾਢਾ ਬਿਖੜਾ ਪਾਵਣਾ ਇਸ ਲਿਖਣੀ ਦਾ ਸਾਰ॥

ਬੰਦ ਬੰਦ ਕਟਵਾਵਣਾ ਕਦੇ ਨਾ ਕਰਨਾ ਸੀਅ।
ਸਿਰ ਤਲੀ ਪਰ ਰੱਖਣਾ, ਗੁਰਾਂ ਨੇ ਦੱਸਿਆ ਸੀ॥

ਹੱਥ ਬੰਨ੍ਹ ਕੇ ਮੈਂ ਖੜ੍ਹਾ ਮਨ ਵਿਚ ਲੈ ਫ਼ਰਿਆਦ।
ਕਦ ਮੈਨੂੰ ਵੀ ਮਿਲ਼ੇਗਾ ਕਲਮ ਦਾ ਪ੍ਰਸਾਦ॥

ਕੌਲ ਨਿਭਾਵਾਂ ਕਲਮ ਦਾ, ਮਨ ਵਿਚ ਬਲ਼ਦੀ ਸਾਂਗ।
ਏਸ ਕਲਮ ਦੀ ਪ੍ਰੀਤ ਹੈ, ਮੁਕਤੀ ਦੀ ਨਾ ਤਾਂਘ॥

ਕਾਗਤ ਮਿੱਟੀ, ਕੰਬਦੀ ਉਂਗ਼ਲ, ਅੱਖਰ ਏਕਮਕਾਰ।
ਸਿੱਖਾਂ, ਭੁੱਲਾਂ, ਮੁੜ ਲਿਖਾਂ; ਜਨਮ ਲਵਾਂ ਕਈ ਵਾਰ॥



•••

ਚੰਨਣ ਫੁੱਲ ਖਿੜਿਆ ਅਮ੍ਰਿਤ ਵੇਲਾ
ਜੀ ਓ  ਜੀ ਓ
ਕੰਜਕਾਂ ਨਾਵ੍ਹਣ ਚੱਲੀਆਂ
ਜੀ ਓ  ਜੀ ਓ  ਜੀ ਓ

ਰਲ਼ ਕੇ ਹੇਕਾਂ ਲਾਵਣ
ਰੱਬ ਯਾਰ ਦੀ ਖ਼ੈਰ ਮਨਾਵਣ  ਜੀ ਓ
ਬਾਬਲ ਘਰ ਦੇ ਤੀਰਥ ਆਈਆਂ
ਪੁੰਨ ਕਮਾਵਣ ਚੱਲੀਆਂ
ਕੰਜਕਾਂ ਨਾਵ੍ਹਣ ਚੱਲੀਆਂ
ਜੀ ਓ  ਜੀ ਓ  ਜੀ ਓ

ਚੰਨਣ ਫੁੱਲ ਖਿੜਿਆ ਅਮ੍ਰਿਤ ਵੇਲਾ
ਜੀ ਓ  ਜੀ ਓ  ਜੀ ਓ

ਪਾਰਲੇ ਕੰਢੇ ਰਾਂਝਾ ਸੁੱਤਾ
ਨਾਲ਼ ਸੁੱਤੀ ਉਹਦੀ ਵੰਝਲ਼ੀ  ਜੀ ਓ
ਸੀਤ ਨਦੀ ਵਿਚ ਬਲ਼ਦੇ ਪਿੰਡੇ
ਸੁੱਤੇ ਭਾਗ ਜਗਾਵਣ ਚੱਲੀਆਂ
ਕੰਜਕਾਂ ਨਾਵ੍ਹਣ ਚੱਲੀਆਂ
ਜੀ ਓ  ਜੀ ਓ  ਜੀ ਓ
ਚੰਨਣ ਫੁੱਲ ਖਿੜਿਆ ਅਮ੍ਰਿਤ ਵੇਲਾ
ਜੀ ਓ  ਜੀ ਓ  ਜੀ ਓ



## ਇਕ ਹਜ਼ਾਰ ਕੋਰੇ ਪਤ੍ਰਿਆਂ ਵਾਲ਼ੀ ਪੋਥੀ

Guru Granth has a thousand blank pages with the one
song copied out on every page.
– Puran Singh, *The Spirit of Oriental Poetry*

ਇਕ ਹਜ਼ਾਰ ਕੋਰੇ ਪਤ੍ਰਿਆਂ ਵਾਲ਼ੀ ਪੋਥੀ ਦੇ ਹਰ ਪਤ੍ਰੇ 'ਤੇ
ਹਰ ਖਿਣ ਓਹੀਓ ਗੀਤ ਬਣੇ ਤੇ ਫਿਰ ਖਿਰ ਜਾਵੇ
ਕਦੇ ਪੈਂਤੀ ਵਿਚ ਕਦੇ ਬਾਵਨੀ ਕਦੇ ਨਿਰੱਖਰੀ ਵਿਚ

ਇਕ ਹਜ਼ਾਰ ਪਤ੍ਰਿਆਂ ਵਿਚ ਕੋਰਾ ਸਮਾਂ ਧੜਕਦਾ


ਸ਼ਬਦ ਸ਼ਾਇਰ ਨੂੰ ਆਖੇ –
ਮੈਨੂੰ ਲਿਖ
ਮੈਂ ਤੂੰ ਹੀ ਆਂ
ਤੂੰ ਅਪਣਾ ਆਪ ਸਿਆਣ

ਹੁਕਮ ਦਾ ਬੱਧਾ ਸ਼ਾਇਰ ਲਿਖੇ ਹੋਏ ਨੂੰ ਫੇਰ ਲਿਖੇ

ਪਾਠੀ ਇਕ ਹਜ਼ਾਰ ਕੋਰੇ ਪਤ੍ਰਿਆਂ ਵਾਲ਼ੀ ਪੋਥੀ ਦਾ ਵਾਕ ਲਵੇ
ਉਹ ਅਣਲਿਖੇ ਨੂੰ ਅਣਲਿਖਿਆ ਕਰਕੇ ਪੜ੍ਹਦਾ ਹੈ

ਪੋਥੀ ਸੰਤੋਖਦਿਆਂ
ਉਹਦੇ ਹੱਥ ਸ਼ੁਕਰਾਨੇ ਚ ਅਪਣੇ ਆਪ ਜੁੜ ਜਾਂਦੇ

ਕਾਗਤ ਸਿਆਹੀ ਤੇ ਕਾਨੀ ਦਾ ਸਿਰਜਣਹਾਰ ਮੱਥਾ ਟੇਕੇ
ਇਕ ਹਜ਼ਾਰ ਕੋਰੇ ਪਤ੍ਰਿਆਂ ਵਾਲ਼ੀ ਪੋਥੀ ਨੂੰ




## ਗਾਏ ਸਮੀਨਾ ਨਾਨਕ ਬਾਣੀ

ਗਾਏ ਸਮੀਨਾ ਨਾਨਕ ਬਾਣੀ

ਸੁਣੀ ਸੀ ਪਹਿਲਾਂ ਮਾਂ ਦੇ ਪੇਟ ਦੇ ਅੰਦਰ
ਸੁੱਤਿਆਂ ਲਿਆਂ ਸੀ ਸੁਪਨਾ
ਮਾਂ ਸੁਣਦੀ ਸੀ ਸ਼ਬਦ ਕੀਰਤਨ ਜਾ ਕਰ ਗੁਰੂਦੁਆਰੇ
ਲੁਕ-ਲੁਕ ਬਹਿੰਦੀ ਦੇਖ ਲਵੇ ਨਾ ਕੋਈ

ਕਿਸ ਤੋਂ ਸੁਣ ਕੇ ਉਚਰੀ
ਗੁਰਾਂ ਨੇ ਨਾਨਕ ਬਾਣੀ
ਗਾਵੇ ਮਰਦਾਨਾ
ਗਾਵੇ ਨਾਨਕ ਦੀਵਾਨਾ
ਗਾਵੇ ਨਾਦ ਰਬਾਬੀ

ਗਾਏ ਸਮੀਨਾ ਸੱਚੀ ਬਾਣੀ
ਗਾਵੇ ਕੰਤ ਪਿਆਰਾ
ਗਾਵੇ ਸੁਹਣੀ ਧੀ
ਉਹ ਵੀ ਗਾਵੇ ਨਾਲ਼ ਇਨ੍ਹਾਂ ਦੇ
ਜਿਸ ਤੋਂ ਸੁਣ ਕੇ ਲਿਖੀ ਸੀ ਨਾਨਕ
ਕੁੱਲ ਪੈਗ਼ੰਬਰ ਗਾਉਂਦੇ ਰੱਬ ਦੇ ਜੀਅ
ਸ਼ਬਦ ਸਾਜ਼ ਨਾਲ਼ ਗੱਲਾਂ ਕਰਦਾ
ਗਾਏ ਹਵਾ ਗਾਏ ਸਮਾਂ
ਗਾਉਂਦੀ ਹੈ ਆਵਾਜ਼ ਇਨ੍ਹਾਂ ਦੇ ਗਲ਼ਿਆਂ ਥੀਂ
ਗਾਏ ਸਮੀਨਾ ਨਾਨਕ ਬਾਣੀ



## ਬੀਬੀ ਲਤਾ ਮੰਗੇਸ਼ਕਰ ਬਾਬੇ ਦਾ ਸ਼ਬਦ ਭਿੰਨੀ ਰੈਨੜੀਏ... ਗਾ ਰਹੀ

ਇਹ ਮੇਰੀ ਮਾਂ ਦੀ ਆਵਾਜ਼ ਹੈ ਅਪਣੇ ਸ਼ੁਹ ਨੂੰ ਤੜਫਦੀ
ਮੇਰੇ ਪਿਤਾ ਨੂੰ

ਜੰਮਣ ਜੀਉਣ ਦੀ ਚੀਸ ਹੈ
ਜੋ ਜ਼ਾਹਿਰ ਨਹੀਂ ਹੈ ਰਗਾਂ ਚ ਵਹਿੰਦੀ ਹੈ ਹਿਕ ਚੋਂ ਸਿੰਮਦੀ

ਔਰਤ ਅਪਣੇ ਹਰ ਰੂਪ ਚ ਗਾ ਰਹੀ

ਇਹ ਕੋਈ ਬਾਂਝ ਖ਼ਿਆਲਾਂ ਖ਼ਿਆਲਾਂ ਵਿਚ ਮਾਂ ਬਣ ਰਹੀ ਹੈ
ਤ੍ਰਿਪਤਾ ਪੁੱਤ ਦੀ ਸੁੱਖ ਸੁੱਖ ਰਹੀ
ਇਹ ਤ੍ਰਿਪਤ ਹੋਈ ਔਰਤ ਦੀ ਭੁੱਖ ਹੈ

ਸੋਹਣੀ ਮੇਰੀ ਭੈਣ ਅਪਣੀ ਸਹੇਲੀ ਦੇ ਵਿਆਹ ਵਿਚ ਸੁਹਾਗ ਗਾ ਰਹੀ ਹੈ


ਇਹ ਹੁਣੇ ਗਰਭਣ ਹੋਈ ਦੀ ਆਵਾਜ਼
ਇਹ ਹੁਣੇ ਮਾਂ ਬਣੀ ਦਾ ਸ਼ੁਕਰ ਸ਼ੁਕਰ ਕਰਦਾ ਹਉਕਾ ਹੈ

ਇਹ ਮਾਂ ਔਰਤ ਦੀ ਆਵਾਜ਼
ਜ੍ਹਿਦੀ ਉਂਗਲ਼ ਫੜੀ ਮੈਂ ਤੁਰ ਰਿਹਾਂ

ਚਿਰੀਂ-ਵਿਛੁੰਨੀਆਂ ਕੂੰਜਾਂ ਮਿਲ਼ੀਆਂ
ਭਿੰਨੀ ਰਾਤ ਵਿਚ ਕਿਸ ਛੇੜੀ ਰਬਾਬ
ਇਹ ਪਰੀ ਕੌਣ ਹੈ ਬਾਬੇ ਦਾ ਸ਼ਬਦ ਗਾ ਰਹੀ

ਰਾਤ ਗੂੜ੍ਹੀ ਹੋਰ ਗੂੜ੍ਹੀ ਹੋ ਰਹੀ
ਤਾਰੇ ਹੋਰ ਹੋਰ ਚਮਕ ਰਹੇ

ਬੀਬੀ ਬਾਬੇ ਦਾ ਸ਼ਬਦ ਗਾ ਰਹੀ



## ਭਿੰਨੀ ਰੈਣ ਵੇਲਾ

ਜਾਨ ਤਲੀ ਵਿਚ ਕੰਬੇ          ਸੁਣ ਨਾ ਹੁੰਦਾ
ਕਿਹੜੇ ਦਿਲ ਨਾ' ਗਾਉਂਦੀ ਬੀਬੀ ਸ਼ਬਦ ਬਾਬੇ ਦਾ

ਮਨ ਮੈਲ਼ਾ ਸੁੱਚੇ ਬੋਲਾਂ ਦੀ ਤਾਬ ਨਾ ਝੱਲਣ ਜੋਗਾ
ਮਰ ਜਾਣਾ ਤਨ ਬੋਲ ਅਮਰ ਕਿੰਜ ਸੁਣਸੀ ਇਸ ਵੇਲਾ

ਭਿੰਨੀ ਰਾਤ ਇਹ ਤਾਰੇ ਬੋਲ ਆਦਿ ਜੁਗਾਦੀ
ਏਸ ਚਮਕ ਵਿਚ ਦਿਸਦਾ ਕੁਛ ਨਾ

ਸੋਚ ਸੋਚ ਕੇ ਦਿਲ ਖੁੱਸਦਾ ਹੈ -
ਕਹਾਂ ਲਿਖਾਰੀ ਜਿਸਦਾ ਲਿਖਿਆ ਰਹਿਣਾ ਅਜ਼ਲਾਂ ਤਾਈਂ
ਸਭ ਖਿਰ ਜਾਣਾ ਮੈਂ ਨ ਹੋਣਾ
ਥਿਰ ਰਹਿਣਾ ਇਹ ਨਾਦ-ਸ਼ਬਦ ਅਨੋਖਾ

ਬੰਦਾ ਆਇਆ ਸਾਹ ਜਿਹਾ ਹੈ ਜਿਸਦਾ ਕੋਈ ਵਸਾਹ ਨਾ
ਬੜਾ ਨਤਾਣਾ ਅੰਞਾਣਾ ਨਾ ਜਾਣੇ ਅਸਗਾਹ ਦੀ ਥਾਹ ਨੂੰ
ਕਿਣਕੇ ਨੂੰ ਸਮਝ ਨਾ ਆਵੇ ਕੋਹਤੂਰਾਂ ਦੀ

ਇਹ ਵੇਲਾ ਓਹੀਓ ਜਾਣੇ ਮਾਣੇ
ਜੋ ਤੱਤੀ ਤਵੀ 'ਤੇ ਬਹਿ ਕੇ ਗੀਤ ਰੈਣ ਦਾ ਗਾਉਂਦਾ
ਇਕ ਓਹੀਓ ਹੋਰ ਕੋਈ ਨਾ ਹੋਣਾ
ਨ ਪਹਿਲਾਂ ਨਾ ਮਗਰੋਂ



# ਲੰਗਰ

ਲੰਗਰ ਪੱਕ ਰਿਹਾ ਹੈ

ਹਰ ਮਾਈ ਭਾਈ ਆਹਰੇ ਲੱਗਾ ਹੋਇਆ ਹੈ
ਕੋਈ ਸੁਪਨੇ ਲੈਂਦਾ ਹੈ
ਕੋਈ ਚਿੰਤਾ ਦੀ ਲੱਕੜੀ ਅੱਗ ਚ ਡਾਹੁੰਦਾ ਹੈ
ਲੋਹ 'ਤੋਂ ਮੰਡੇ ਲਾਹੁੰਦੀ ਬੀਬੀ ਹੋਰ ਬੀਬੀ ਲਗ ਰਹੀ ਹੈ
ਹਰ ਕੋਈ ਮੋਹ ਤੋਂ ਮੁਕਤ ਹੋ ਰਿਹਾ ਹੈ

ਰਿਜ਼ਕ ਪ੍ਰਸ਼ਾਦ ਬਣ ਰਿਹਾ ਹੈ

ਦਸਾਂ ਨਹੁੰਆਂ ਦੇ ਕਿਰਤੀ ਧਿਆਉਂਦੇ ਹਨ
ਭਾਈ ਲਾਲੋ ਦਾ ਨਾਂ
ਬਾਬੇ ਦਾ ਨਾਂ
ਰੋਟੀ ਚੋਂ ਦੁੱਧ ਨੁੱਚੜ ਰਿਹਾ ਹੈ
ਲੰਗਰ ਪੱਕ ਰਿਹਾ ਹੈ

ਨਾਨਕੀ ਨੂੰ ਭਰਾ ਦੀ ਉਡੀਕ ਹੈ
ਹਰ ਕਿਸੇ ਨੂੰ ਕਿਸੇ ਦੀ ਉਡੀਕ ਹੈ
ਉਡੀਕ ਮੁੱਕ ਰਹੀ ਹੈ

ਸਾਰੇ ਰਲ਼ ਕੇ ਪ੍ਰਸ਼ਾਦੇ ਛਕਣਗੇ
ਸੁਪਨਿਆਂ ਨੂੰ ਭੋਗ ਲਾਉਣਗੇ

ਲੰਗਰ ਪੱਕ ਰਿਹਾ ਹੈ

ਗੁਰੂ ਕਾ ਅਤੁੱਟ ਲੰਗਰ ਵਰਤ ਰਿਹਾ ਹੈ



## ਮਾਂ ਜੋੜਿਆਂ ਦੀ ਸੇਵਾ ਕਰਦੀ

ਮਨੁੱਖ ਬਣਾਵਣ ਲੱਗਿਆਂ
ਰੱਬ ਨੇ ਪਹਿਲਾਂ ਪੈਰ ਬਣਾਏ
ਉਨ੍ਹਾਂ ਨੂੰ ਚੱਲਣ ਦਾ ਵਰ ਦਿੱਤਾ

ਬੰਦੇ ਨੇ ਫਿਰ ਪੈਰਾਂ ਵਾਸਤੇ ਘਰ ਬਣਾਇਆ
    ਜੁੱਗੜੇ ਲਾ ਕੇ
ਜਾਨਵਰਾਂ ਨੇ ਚੰਮ ਅਪਣਾ ਲੇਖੇ ਲਾਇਆ


ਅੱਜ ਉਹ ਪੈਰ ਵੱਡੇ ਘਰ ਉਦ੍ਹਾ ਸ਼ੁਕਰ ਮਨਾਵਣ ਆਏ
ਬਾਹਰ ਅਸ਼ਟਾਂਗ ਪ੍ਰਣਾਮ ਕਰੇਸਣ ਜੁੱਤੀਆਂ
ਜੁੜੀ ਉਨ੍ਹਾਂ ਦੀ ਸੰਗਤ
    ਉਹ ਵੀ ਸ਼ੁਕਰ ਮਨਾਵਣ

ਮਾਂ ਚੁੰਨੀ ਦੇ ਪੱਲੇ ਨਾ਼ਲ
ਸੰਗਤੀਆਂ ਦੀਆਂ
    ਜੁੱਤੀਆਂ ਉੱਤੋਂ ਰਾਹਵਾਂ ਦੀ ਧੂੜ ਝਾੜਦੀ
    ਨਾ਼ਲ ਉਨ੍ਹਾਂ ਦੇ ਗੱਲੀਂ ਲੱਗੀ
ਉਹ ਮਾਂ ਦਾ ਕੀਤਾ, ਰੱਬ ਦਾ ਕੀਤਾ ਜਾਣਦੀਆਂ
ਮਾਂ ਪਾਠ    ਕਰੇਂਦੀ ਪੌੜੀ ਚੜ੍ਹਦੀ
ਸੁੱਖਾਂ ਸੁੱਖਦੀ    ਖ਼ੈਰ ਮਨਾਉਂਦੀ

ਮਾਨਸਜ਼ਾਤ ਦੇ ਪੈਰਾਂ ਨੂੰ ਇਕ ਕਰ ਜਾਣੇ
ਅਪਣੇ ਜੰਮਿਆਂ ਦੇ ਮੂੰਹ ਪੂੰਝਦੀ ਜਿਕਣ
ਲੱਗਦੇ ਹੋਰ ਵੀ ਬੀਬੇ ਰਾਣੇ

ਜੋੜਿਆਂ ਦੀ ਸੇਵ ਕਮਾਉਂਦੀ ਅੰਮਾਂ ਬੀਬੀ

ਅਸ਼ਟਾਂਗ ਪ੍ਰਣਾਮ: ਜਿਸ ਵਿਚ ਇਨ੍ਹਾਂ ਅੱਠਾਂ ਅੰਗਾਂ ਦਾ ਸੰਬੰਧ ਹੋਵੇ –
ਗੋਡੇ, ਪੈਰ, ਹੱਥ, ਛਾਤੀ, ਸਿਰ, ਬਾਣੀ, ਦ੍ਰਿਸ਼ਟੀ, ਅੰਤਹਕਰਣ। – ਗੁਰੁਸ਼ਬਦ ਰਤਨਾਕਰ ਮਹਾਨਕੋਸ਼



## ਘਰ ਆਇਆ ਪਰਦੇਸੀ

ਕਲ੍ਹ ਰਾਤੀਂ ਦੰਮਾਂ ਦਾ ਲੋਭੀ ਵਿਹੜੇ ਵੜਿਆ
ਦੀਵਾ ਜਗਿਆ       ਭਾਗ ਜਗੇ

ਵਰ੍ਹਿਆਂ ਦਾ ਭੁੱਖਾ ਮਾਹੀ ਖਾ ਖਾ ਰੱਜਿਆ
ਲੰਮੇ ਪੰਧ ਦਾ ਰਾਹੀ
ਤੱਤਾ ਤੱਤਾ ਦੁੱਧ ਪੀ ਕੇ ਘੂਕ ਸੌਂ ਗਿਆ ਪਾਸਾ ਲੈ ਕੇ


ਅਮ੍ਰਿਤ ਵੇਲੇ ਉੱਠੀ
ਖੂਹ ਵਿਚ ਲੱਜ ਵਗ੍ਹਾਈ
ਇਸ਼ਨਾਨ ਕਰੇਂਦੀ ਰੱਬ ਰੱਬ ਕਰਦੀ
ਪਾਣੀ ਡਿਗਦਾ     ਪਿੰਡਾ ਚੁੰਮਦਾ

ਪੇਟੀ ਚੋਂ ਕਢ ਧੋਤਾ ਝੱਗਾ
ਸਿਰ 'ਤੇ ਲੈ ਕੇ ਟਸਰ ਦੁਪੱਟਾ
ਚੁੱਲ੍ਹੇ ਦੀ ਚਾਟੀ ਦੀ ਚੌਂਕੇ ਦੀ ਗੰਧ ਵਿਚ ਲਿਪਟੀ
ਤੁਰ ਪਈ ਸੁੱਖਾਂ ਸੁੱਖਣ ਰੱਬ ਦੇ ਦੁਆਰੇ

ਅੱਖੀਆਂ ਮੁੰਦ ਕੇ ਦੋ ਕਰ ਜੋੜੇ     ਅਰਜ਼ ਗੁਜ਼ਾਰੀ -
ਬਾਬਾ ਜੀ ਮੇਰੀ ਝੋਲ਼ੀ ਸੱਖਣੀ ਭਰ ਦੇਵੋ

ਰੱਬ ਜੀ ਸੁਣ ਕੇ ਮੁਸਕਾਏ ਨਾਨਕ ਵਾਂਙੂੰ -
ਅਰਦਾਸ ਤਿਰੀ ਓਦੋਂ ਹੀ ਸੁਣ ਲੀਤੀ ਸੀ
ਜਦ ਤੂੰ ਉਠ ਕੇ ਬਾਰ ਖੋਲ੍ਹਿਆ
ਜਦ ਤੂੰ ਉਸ ਦੇ ਗਲ਼ ਲੱਗੀ ਸੀ
ਜਦ ਦੀਵੇ ਦੀ ਬੱਤੀ ਸੀਖੀ ਕੰਬਦੇ ਹੱਥੀਂ

ਬਾਬੇ ਦੇ ਦਰ ਗਈ    ਬੀਬੀ
ਝੋਲ਼ੀ ਭਰ ਕੇ ਘਰ ਗਈ     ਅੱਜ ਦਿਨੇ



ਤੁਹੀ ਤੁਹੀ॥ ਤੁਹੀ ਤੁਹੀ॥
ਤੁਹੀ ਤੁਹੀ॥ ਤੁਹੀ ਤੁਹੀ॥*

ਤੋਰੀ ਮੋਰੀ॥
ਮੋਰੀ ਤੋਰੀ॥

ਬਾਬੇ ਦੀ ਬਾਣੀ
ਮੇਰੇ ਨਿੱਕੜੇ ਦੀ ਲੋਰੀ ਐ॥

ਗੋਦੀ ਵਿਚ ਬੈਠਾ ਸੁਰ ਲਾਵੇ ਮੇਰਾ ਗੀਗੜਾ
ਨਵਾਂ ਹੀ ਅਲਾਵੇ ਰਾਗ ਬੋਲੀ ਹੋਰ ਬੋਲਦਾ॥
ਜਾਣਦਾਂ ਨ ਕੋਈ ਹੋਰ ਦੁੱਧ ਵਾਂਙ ਮ੍ਹੈਕਦੀ॥
ਉਚਰਾਂ ਮੈਂ ਨਾਮ ਉਹਦਾ
ਤਾਰ ਜੁੜ ਜਾਂਵਦੀ ਆਦਿਮ ਅਨੀਲ ਸੰਗ
ਰਹਿਣਾ ਜਿਨ੍ਹੇ ਅਨਾ-ਹਦ।
ਜੁੱਗੋ ਜੁਗ ਜੇਸਦਾ ਵੇਸ ਆਵੇਸ਼ ਹੈ॥

ਵ੍ਹੀਰਾਂ ਘੱਤ ਆਂਵਦੇ ਪਰੀਆਂ ਪਰੇਸ਼ਟੇ।
ਗੋਕਲ ਗੋਪਾਲ ਰਾਧਾ ਨੰਦ ਧੰਨ* ਗਾਂਵਦੇ।
ਹਰ ਕੋਈ ਅੰਤ ਬੇਅੰਤ* ਹੁੰਦਾ ਵੇਖਦਾ॥

ਬੈਠਾ ਬਾਬਿਆਂ ਦਾ ਬਾਬਾ ਧਰੇਜੜਾ
ਹੁਸਨ-ਨਾਕ ਦੋਹਵੇਂ ਹੱਥ ਜੋਰੀ ਐ॥
ਓਸ ਬਾਬੇ ਦੀ ਬਾਣੀ
ਮੇਰੇ ਨਿੱਕੜੇ ਦੀ ਲੋਰੀ ਐ॥

*ਲਘੁ ਨਿਰਾਜ ਛੰਦ, ਦਸਮ ਗ੍ਰੰਥ। ਅਨੀਲ - ਮੇਰੇ ਪੋਤਰੇ ਦਾ ਨਾਂ। *ਮੇਰੇ ਵਡਿੱਕੇ



## ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਨਿਮਿਤ

ਭਲੋ ਭਲੋ ਰੇ ਕੀਰਤਨੀਆ

ਆਨੰਦ ਆਨੰਦ ਆਨੰਦ

ਵਾਹੁ ਵਾਹੁ ਵਾਹੁ

ਸਚ ਕੀ ਬੇਲਾ ਸਚ ਅਲਾਵੋ

ਗਾਵੋ ਗਾਵੋ ਗਾਵੋ ਜੀ ਗਾਵੋ

ਕਿਰਤੀ ਕਰਮ ਕਮਾਂਵਦਾ
ਖਸਮ ਕੀ ਬਾਣੀ ਆਖ ਸੁਣਾਵੋ

ਸਦ ਸੁਣਦਾ ਸਦ ਵੇਖਦਾ
ਸਬਦ ਭਰਪੂਰ ਰਿਦੇ ਸਮਾਵੋ

ਤਨ ਬਿਰਹਾ ਮਨ ਬੈਰਾਗੀ
ਜੀਅ ਇਛੜਿਆ ਫਲ ਪਾਵੋ

ਸਾਜਨ ਪ੍ਰੇਮ ਸੰਦੇਸਰਾ
ਸੰਗਤ ਬੋਲ ਸੁਣਾਵੋ



ਅੰਤਰ ਤਾਰ ਤਨ ਤੰਬੂਰਾ
ਇਕ ਸੁਰ ਲਾਵੋ ਹੰਕਾਰ ਚੁਕਾਵੋ


ਸਭ ਕਾ ਮੀਤ ਸਾਜਨ ਹੈ ਸਮੀਆ
ਗੁਰੂ ਕੇ ਚਰਣ ਛੁਹਾਵੋ

ਜੋ ਅਵਤਰਿਆ ਸੋ ਬਿਨਸ ਹੈ
ਮਾਯਾ ਮੋਹ ਤਜਾਵੋ

ਕਾਯਾ ਬਿਨਸੈ ਨਾਦ ਅਮਰ ਹੈ
ਮਰਣਾ ਭਉ ਚੁਕਾਵੋ

ਗਾਵੋ ਗਾਵੋ ਗਾਵੋ ਜੀ ਗਾਵੋ
ਆਨੰਦ ਆਨੰਦ ਆਨੰਦ
ਵਾਹੁ ਵਾਹੁ ਵਾਹੁ

੨੮ ਅੱਸੂ ਨਾਨਕਸ਼ਾਹੀ ਸੰਮਤ ੫੩੮ ਤਦਅਨੁਸਾਰ 12 ਅਕਤੂਬਰ 2006



## ਗਾਉਣਾ

ਰਾਗੀ ਸੁਰ ਵਿਚ ਸੋਚ ਰਿਹਾ ਗਾਉਂਦਾ ਹੈ

ਸੁਰ ਵਿਚ ਸੋਚਣਾ ਹੀ ਗਾਉਣਾ ਹੈ

ਆਲਾਪ ਵਿਲੰਬਤ ਦਰੁੱਤ ਵਾਲ਼ੀ ਸੋਚ ਦੇ ਅੰਦਰ
ਤੇ ਖ਼ਾਮੋਸ਼ੀ ਅੰਦਰ ਸੋਚਾਂ

ਕਰਮ ਨੇ ਸੋਚ ਨੂੰ ਅੱਗੇ ਲਾਇਆ
ਜਿਉਂ ਉਂਗਲ ਛੱਡ ਕੇ ਨੱਸਿਆ ਜਾਂਦਾ ਬੱਚਾ ਸੋਚੇ

ਹਰਫ਼ ਤੋਂ ਬਾਹਰ ਹਰਫ਼ ਦਾ ਮਤਲਬ
ਆਲ੍ਹਣਿਓਂ ਦੂਰ ਉੜਦਾ ਪੰਛੀ

ਸੁਰ ਵਿਚ ਤੱਕਣਾ ਹੀ ਗਾਉਣਾ ਹੈ
ਸ਼ੈਅ ਤੇ ਸ਼ੈਅ ਦੇ ਅਕਸ ਵਿਚਾਲ਼ੇ ਵਿਥ ਮਿਟਾਉਂਦੀ 'ਵਾਜ

ਸੁਰ ਵਿਚ ਛੁਹਣਾ ਹੀ ਗਾਉਣਾ ਹੈ
ਤਹਿ ਨਾਲ ਲੱਗਿਆ ਪਾਣੀ ਤੇ
ਵਿਛੜਦੇ ਹੱਥਾਂ ਦੀ ਛੁਹ
ਕਲਮ ਕਾਗ਼ਜ਼ 'ਤੇ ਜਦ
ਕਿਸੇ ਵੀ ਬੋਲੀ ਅੰਦਰ ਸ਼ਬਦ ਛੁਹ ਲਿਖਦੀ ਹੈ


ਸੁਰ ਵਿਚ ਚੱਖਣਾ ਹੀ ਗਾਉਣਾ ਹੈ
ਗੁੰਗਾ ਗੁੜ ਖਾਂਦਾ ਹੈ
ਬੱਚਾ ਕੁੱਖ ਅੰਦਰ ਦੁੱਧ ਚੁੰਘਦਾ ਹੈ
ਪਰਦੇਸੀ ਵਤਨ ਦੀ ਮਿੱਟੀ ਚੁੰਮੇ...

ਰਾਗੀ ਸੁਰ ਵਿਚ ਸੋਚ ਰਿਹਾ ਗਾਉਂਦਾ ਹੈ




## ਢੋਲ ਵੱਜਦਾ

ਜਵਾਨੀ ਨੱਚਦੀ
ਨੀਲਾ ਘੋੜਾ ਨੱਚਦਾ
ਢੋਲ ਵਿਚ ਸੁਣਦਾ ਸੁੱਤੇ ਮਿਰਜ਼ੇ ਦਾ ਸੁਪਨਾ
ਚਮਕੌਰ ਦੇ ਯੁੱਧ ਵਿਚ ਸਿੰਘਾਂ ਦਾ ਜੈਕਾਰਾ
ਅਪਣੇ ਦਿਲ ਵਿਚ ਸੱਜਣਾਂ ਦਾ ਦਿਲ
ਟੁੱਟੀਆਂ ਗੰਢਦੀ ਲਹੂ ਦੀ ਬੋਲੀ
ਹੱਥ ਮਿਲਾਂਦੀ ਬਾਪ ਦੇ ਨਾਲ਼
ਜੋ ਸੰਙਦਾ ਕਦੇ ਨ ਨੱਚਿਆ
ਸੰਗ ਮੇਰੇ ਉਹ ਵੀ ਨੱਚਦਾ
ਢੋਲ ਵੱਜਦਾ



## ਬੰਸਰੀ

ਕਵਣ ਸੁ ਰਾਂਝਾ, ਕੌਣ ਕਨ੍ਹਈਆ
ਸੁੱਤੀ ਕਾਇਆ ਅੰਦਰ ਸਾਹ ਭਰਦਾ ਹੈ
ਬੁੱਲ੍ਹ-ਹੱਥਾਂ ਦੀ ਛੁਹ ਸੁਰਾਂ ਕੰਬਾਉਂਦੀ
ਤਨ ਖੁੱਸਦਾ, ਮਨ ਡਰਦਾ ਹੈ
ਅੱਲੇ ਜ਼ਖ਼ਮਾਂ ਉੱਤੇ ਫੂਕਾਂ ਮਾਰੇ
ਵੈਦ ਦਿਲੇ ਦਾ ਪੀੜ ਹਰਦਾ ਹੈ
ਰੰਗ-ਸੁਰੰਗਾ ਮੇਘਾ ਬਰਸੇ
ਕੌਣ ਸਾਂਵਰਾ ਰੰਗ ਰੰਗਦਾ ਹੈ
ਕਵਣ ਸੁ ਹੀਰ ਤੇ ਕੌਨ ਸੀ ਰਾਧਾ
ਬਲ਼ਦੀ ਵੰਝਲੀ ਨੂੰ ਚੁੰਮਦੀ ਹੈ
ਸੱਤ ਸੁਰ ਕੁੱਖ ਵਿਚ ਲੈ ਕੇ
ਸਤਰੰਗੀ ਲੋਅ ਜੰਮਦੀ ਹੈ
ਖਿੜੀ ਚਾਨਣੀ ਰਾਤ ਦੇ ਵਿਹੜੇ
ਮਹਿਕਾਂ-ਡੰਗੀ ਸੱਪਣੀ ਨੱਚਦੀ ਹੈ
ਨਾਦਬਿੰਦੁ ਦੇ ਕੰਢਿਆਂ ਅੰਦਰ
ਸੁੱਖ ਦੀ ਨਦੀਆ ਵੱਗਦੀ ਹੈ
ਕਵਣ ਸੁ ਰਾਂਝਾ, ਕੌਣ ਕਨ੍ਹਈਆ
ਕਵਣ ਸੁ ਹੀਰ ਤੇ ਕੌਨ ਸੀ ਰਾਧਾ



## ਬਾਬੇ ਨਾਨਕ ਦਾ ਘਰ

ਕਾਂ ਬੋਲੇ ਕਟਊਆ ਬੋਲੇ
ਕਾਟੋ ਦਾ ਘਰ ਕਿਹੜਾ
ਅੰਬਾਂ ਵਾਲ਼ੀ ਕੋਠੜੀ
ਅਨਾਰਾਂ ਵਾਲ਼ਾ ਵਿਹੜਾ
ਬਾਬੇ ਨਾਨਕ ਦਾ ਘਰ ਕਿਹੜਾ

ਔਹ ਦੀਵਾ ਜਗਦਾ...

ਰਾਗ ਤਲੰਗਾ ਗਾਏ ਮਲੰਗਾ
ਸੁਣਨੇ ਵਾਲ਼ਾ ਕਿਹੜਾ
ਰਿਜ਼ਕਾਂ ਵਾਲ਼ੀ ਕੋਠੜੀ
ਤੇ ਬੇਰਾਂ ਵਾਲ਼ਾ ਵਿਹੜਾ
ਬਾਬੇ ਨਾਨਕ ਦਾ ਘਰ ਕਿਹੜਾ

ਔਹ ਸ਼ਬਦ ਜਗਦਾ...

ਈਤੜੀਏ ਤਵੀਤੜੀਏ
ਜੰਜੀਰੀ ਤੇਰਾ ਨਾਂ ਕੁੜੇ
ਚੱਕੀ ਵਾਲ਼ੀ ਕੋਠੜੀ
ਤੇ ਲਾਲੋ ਵਾਲ਼ਾ ਵਿਹੜਾ
ਬਾਬੇ ਨਾਨਕ ਦਾ ਘਰ ਕਿਹੜਾ

ਔਹ ਰਬਾਬ ਵੱਜਦੀ...



# ਕੇਸ

ਮਾਂ ਪੁੱਤ ਨੂੰ ਦੁੱਧ ਚੁੰਘਾਵੇ
ਉਹਦੇ ਸਿਰ 'ਤੇ ਹੱਥ ਫੇਰਦੀ ਸੋਚੇ -
ਸੁੱਖ ਨਾਲ ਵਾਹਵਾ ਲੰਮੇ ਹੋ ਗਏ ਕੇਸ
ਹੁਣ ਦੁੱਧ ਛੁਡਾ ਦੇਣਾ ਹੈ...

ਜ਼ਿੰਦਗੀ ਦੀਆਂ ਉੱਚਾਈਆਂ ਉਹ
ਜਪੁ ਜੀ ਦੀ ਇੱਕੋ ਪੌੜੀ ਨਾਲ਼ ਚੜ੍ਹ ਜਾਂਦੀ ਹੈ
(ਹੋਰ ਕੋਈ ਉਹਨੂੰ ਆਉਂਦੀ ਨਹੀਂ)

ਜਪੁ ਜੀ ਦੀ ਲੋਰੀ ਦਿੰਦੀ
ਵਾਹਿਗੁਰੂ ਦਾ ਸ਼ੁਕਰ ਕਰਦਿਆਂ
ਉਹ ਵੀ ਬੈਠੀ-ਬੈਠੀ ਸੌਂ ਜਾਂਦੀ ਹੈ


ਭੈਣ ਛੋਟੇ ਭਰਾ ਦਾ ਸਿਰ ਵਾਹੁੰਦੀ ਹੈ
ਉਂਗਲ਼ਾਂ ਦੀ ਕੰਘੀ ਨਾਲ਼ ਗੁੰਝਲ਼ਾਂ ਕਢਦੀ
ਭਰਾ ਸੱਚੀ ਥੋਹੜੀ ਝੂਠੀ ਬਹੁਤੀ ਸੀਅ ਕਰਦਾ ਹੈ
ਤੇ ਚੀਕ ਮਾਰਦਾ
ਭਰਾ ਦੀਆਂ ਗੁੱਤਾਂ ਕਰਦਿਆਂ
ਭੈਣ ਅਪਣੇ ਹੋਵਣ ਵਾਲੇ ਬੱਚਿਆਂ ਬਾਰੇ ਸੋਚੇ
ਤਾਂ ਮਾਂ ਦਾ ਦਿੱਤਾ ਇਹ ਦੁਕੰਮਣ ਵੀ
ਉਹਨੂੰ ਚੰਗਾ-ਚੰਗਾ ਲੱਗਦਾ ਹੈ



ਪਿਉ ਹੁੱਬਿਆ-ਹੁੱਬਿਆ ਫਿਰਦਾ ਹੈ
ਪੁੱਤ ਨੇ ਪਹਿਲੀ ਵਾਰੀ ਪੱਗ ਬੰਨ੍ਹੀ ਹੈ
ਜਿਵੇਂ ਸੀ ਪਿਉ ਦੇ ਪਿਉ ਨੇ ਬੰਨ੍ਹੀ
ਉਹ ਅਪਣੇ ਪਿਤਰਾਂ ਨੂੰ ਚੇਤੇ ਕਰਦਾ
ਦਿਲ ਵਿਚ ਪੱਗ ਸਦਾ ਸਿਰ ਬੱਝੀ ਰਹਿਣ
ਦੀ ਅਰਦਾਸ ਕਰਦਾ ਹੈ
ਤੇ ਅਪਣੇ ਪੁੱਤ ਦਾ ਮੱਥਾ ਚੁੰਮਦਾ

2
ਪਰ ਕਿਸ ਨੂੰ ਖ਼ਬਰ ਹੈ
ਇਕ ਦਿਨ ਅਣਹੋਣੀ ਹੋਣੀ
ਕਿਸੇ ਦਾ ਪੁੱਤ
ਭਰਾ ਕਿਸੇ ਦਾ
ਕਿਸੇ ਦਾ ਸਿੱਖ
ਰੱਬ ਨੂੰ ਮਾਰਨ ਵਾਲ਼ਿਆਂ ਨਾਲ ਰਲ਼ ਜਾਵੇਗਾ
ਜ਼ੰਜੀਰਾਂ ਕੱਟਣ ਲਈ ਸਾਰੀ ਦੁਨੀਆ ਜਿੱਤਣ ਲਈ
ਅਪਣੇ ਹੱਥੀਂ ਅਪਣੀ ਪੱਗ ਲਾਹਵੇਗਾ
ਉਹਦਾ ਸਿਰ ਆਰਿਆਂ ਨਾਲ਼ ਨਹੀਂ
ਕੈਂਚੀ ਨਾਲ਼ ਕੱਟਿਆ ਜਾਵੇਗਾ
ਕੈਂਚੀ ਵਿਚੋਂ ਚਿੱਟੇ ਕੋਰੇ ਕਪੜੇ ਨੂੰ ਪਾੜਨ ਵਰਗੀ
ਵਾਜ ਨਿਕਲੇਗੀ
ਕੇਸ ਕ਼ਤਲ ਹੋਏ ਇਨਸਾਨਾਂ ਵਾਂਙੂ ਪੈਰਾਂ ਵਿਚ ਡਿੱਗਣਗੇ
ਸਿਰ ਵਿਚ ਲੱਖ ਜਵਾਲਾਮੁਖੀ ਫਟਣਗੇ
ਸੀਅ ਨਹੀਂ ਕਰਨਾ
ਪਰ ਉਸ ਅਪਣੀਆਂ ਅੱਖਾਂ ਵਿਚ ਝਾਕ ਨਹੀਂ ਸਕਣਾ

ਇੰਜ ਉਹ ਅਪਣੀ ਪਹਿਲੀ ਮੌਤ ਮਰੇਗਾ ਮੁੜ ਜੰਮਣ ਲਈ
ਨਹੀਂ, ਹੁਣ ਕਿਸੇ ਨੂੰ ਨਈਂ ਇਸ ਅਣਹੋਣੀ ਦੀ ਚਿੰਤਾ



# ਕਿਤਾਬ ਬੋਲਦੀ ਹੈ

ਪੰਜ ਭੂਤਕ ਬੰਦਾ ਹੱਥ ਜੋੜ ਕੇ ਵਾਕ ਲੈਂਦਾ ਹੈ
ਕਿਤਾਬ ਬੋਲਦੀ ਹੈ
ਪੈਂਤੀ ਦਾ ਅੱਖਰ ਅੱਖਰ ਬੋਲਦਾ ਹੈ
ਤੇ ਤਰਵਿੰਜਵਾਂ ਵੀ

ਕਿਤਾਬ ਸ਼ਬਦ ਦੀ ਸਲਾਮਤੀ ਲਈ ਅਰਦਾਸ ਕਰਦੀ ਹੈ

ਕਿਤਾਬ ਬੋਲਦੀ ਹੈ –
ਬੰਦਿਆ ਤੂੰ ਬੜਾ ਈ ਵੱਡਾ ਏਂ
ਬੰਦਿਆ ਤੈਨੂੰ ਤਾਂ ਕੁਛ ਵੀ ਨਹੀਂ ਪਤਾ
ਬੰਦਿਆ ਤੂੰ ਮੇਰੀ ਮਾਂ ਐਂ

ਕਿਤਾਬ ਥਾਣੀਂ ਬੋਲਦਾ ਹੈ
ਰੁੱਖ ਹੱਥ ਜਾਨਵਰ
ਕਿਤਾਬ ਥਾਣੀਂ ਬੋਲਦੀ ਹੈ
ਕਲਮ ਸਿਆਹੀ ਜਿਲਤ

ਕੋਰੇ ਪਤ੍ਰਿਆਂ ਵਾਲ਼ੀ ਕਿਤਾਬ ਕੀ
ਲਿਖਾਰੀ ਆਪ ਬੋਲਦਾ ਹੈ
ਅਪਣੀ ਆਪ ਵਡਿਆਈ ਕਰਦਾ॥



## ਅੱਖਰ

ਬਾਣੀ ਪਹਿਰਿਆ ਅੱਖਰ ਬਾਣਾ
ਅਰਥ ਪਰ੍ਹਾਂ ਕਿਤੇ ਹੋਰ ਪਿਆ ਹੈ

ਅੱਖਰ ਜਿਉਂ ਡਿਉੜ੍ਹੀ ਹਰਿਮੰਦਿਰ ਦੀ
ਅੱਖਰ ਬਾਹਰ ਲੱਥਾ          ਪੈਰ ਦਾ ਜੋੜਾ
ਅੰਦਰ ਕੋਈ ਸੁਣਨ ਗਿਆ ਹੈ          ਨਾਮ ਦਿਵਸ ਮਹੀਨਾ
ਪਾਠੀ ਪੋਥੀ ਦਾ ਪੁਸ਼ਾਕਾ ਲਾਹਿਆ          ਵਾਕ ਲਿਆ ਹੈ
ਭਰਦਾ          ਸੱਖਣਾ ਹੁੰਦਾ          ਅਮ੍ਰਿਤ ਕਾਸਾ

ਸ਼ਬਦ ਆਲ੍ਹਣਾ ਪੰਛੀ ਬੈਠੀ ਅੱਖਾਂ ਮੁੰਦ ਕੇ          ਆਂਡੇ ਢਕ ਕੇ

ਨਦੀ ਦਾ ਕੰਢਾ ਸਾਹ ਭਰ ਕੇ ਕਿਸੇ ਛਾਲ਼ ਹੈ ਮਾਰੀ
ਅੱਖਰ ਕਪੜਾ ਲਾਹ ਕੇ ਕੰਢੇ ਰੱਖਿਆ


ਰੱਬ ਦੇ ਬੰਦੇ ਪਹਿਲਾ ਪੈਰ ਉਠਾਇਆ
          ਕਿਬਲੇ ਵਲ ਨੂੰ

ਸ਼ਬਦ ਚੌਖਟਾ          ਦਿਸਦਾ ਨਹੀਂ ਹੈ ਅੰਬਰ-ਧਰਤੀ ਜੜਿਆ
ਇਹ ਮੱਕਾ ਹੈ ਜਿਸਤੋਂ ਅੱਗੇ ਉਜਾੜ ਨਿਰਾ ਹੈ

ਸੱਚਾ ਸੌਦਾ ਕਿਹਾ ਵਪਾਰੀ ਤੱਕੜੀ ਤੋਲੇ: ਬਰਕਤਿਆ...
ਰਿਜ਼ਕ    ਪਤੀਲਾ ਢੱਕਣ ਚੁੱਕਿਆ ਬੀਬੀ
ਬੱਚੇ ਗੁਲੇਲ ਚਲਾਈ ਰੰਗਲਾ ਗੀਟਾ
ਪੰਛੀ ਹੱਸ ਕੇ ਉੜ ਜਾਂਦਾ ਹੈ

ਸ਼ਬਦ ਸਿਆਹੀ ਜਿਸਦਾ ਰੰਗ ਬਾਤ ਹਜ਼ਾਰਾਂ ਕਹਿੰਦਾ

ਦੂਰਬੀਨ ਹੈ ਪੁੱਠੀ ਕਰਕੇ ਦੇਖੋ -
ਜੋ ਨੇੜੇ ਸੀ ਦੂਰ ਹੈ ਦਿਸਦਾ


9

# ਙ ਤੇ ਞ



ਙੰਙਾ ਞੰਞਾ
ਹੰਸ ਦੋ ਰਹਿੰਦੇ ਪੈਂਤੀਪੁਰ ਵਿਚ
ਸੰਙਦੇ ਚੁਪਚੁਪੀਤੇ ਗੱਲ ਨਾ ਕਰਦੇ
ਸਭ ਕੁਛ ਸੁਣਦੇ
ਲੱਗਦਾ ਏਦਾਂ ਪਰ ਰੁੱਸੇ ਨਹੀਂ ਹਨ
ਕਦੇ ਬੋਲਦੇ ਨਾਪ ਤੋਲ ਕੇ
ਕਰਦੇ ਮਤਲਬ ਦੀ ਗੱਲ
ਹੈ ਨੇ ਜਿਉਂ ਭਰੇ-ਭਰਾਏ ਭਾਂਡੇ
ਜਦ ਬੋਲਣ ਜਲਤਰੰਗ ਵੱਜਦਾ ਹੈ
ਸੁਰ ਹੋਇਆ ਪਾਣੀ
ਸੁਰ ਮਿੱਟੀ ਦਾ ਪਿਆਲਾ
ਗੂੰਜ ਪਾਰ ਅੱਖਰਾਂ ਦੇ ਜਾਂਦੀ
ਸੁਣਦੇ ਗੁਰਮੁਖ ਪਿਆਰੇ
ਸੁੰਞੇ ਰਾਹਵੀਂ ਰੌਣਕ ਲੱਗਦੀ
ਸੱਜਣ ਨਿਰਅੰਞਣ ਆਵੇ ਆਪਾ ਵੰਞਦਾ
ਵੰਙਾਂ ਛਣਕਣ ਕੰਙਣ ਛਣਕਣ
ਅੰਙਣ ਵਿਹੜੇ
ਪੁੱਤ ਪਿਉ ਨੂੰ ਮੂੰਹ ਚਿੜਾਉਂਦਾ ਹੱਸਦਾ ਨੱਸਦਾ
ਞੰ ਞੰ ਞਾਂ
ਹੰਸਾਂ ਦੀ ਜੋੜੀ ਜਦ ਉੜਦੀ
ਙੰਙਾ ਞੰਞਾਂ

ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਮੂਜਬ ਙ ਤੇ ਞ ਸ਼ਬਦ ਵੀ ਹਨ। ਙ ਦਾ ਅਰਥ ਹੈ-ਭੋਗ ਦੀ ਇੱਛਾ, ਛੂਹ, ਭੈਰੋਂ ਦੇਵ ਅਤੇ ਞ ਦਾ ਅਰਥ ਹੈ-ਗਾਉਣਾ, ਬੈਲ, ਤਿਰਛੀ ਚਾਲ, ਘੁਰਘੁਰ।



# ਸ਼ਬਦ: ਲਿਖਣਾ

ਲਿਖਣਾ ਲੇਖ ਹੈ ਬੰਦੇ ਦਾ
ਜੋ ਲਿਖਿਆ ਧੁਰ ਦਰਗਾਹੀਂ
ਉਹਦੀ ਰੂਹ ਦੇ ਪਿੰਡੇ ਉੱਤੇ
ਕਾਗ਼ਜ਼ ਉੱਤੇ
ਮਿੱਟੀ ਉੱਤੇ
ਪਿਤਾ ਅਪਣੇ ਹੱਥ ਵਿਚ ਮੇਰਾ ਹੱਥ ਲੈ ਕੇ
ਪਹਿਲ-ਪ੍ਰਥਮਾ ਅੱਖਰ ੳ ਲਿਖਦਾ
ਮੈਂ ਜੋ ਵੀ ਲਿਖਦਾਂ
ਲਿਖਦਾਂ ਪਿਤਾ ਦੀ ਬਾਂਹ 'ਤੇ ਖੁਣਿਆ ੧ਓ
ਦੇਖ-ਦੇਖ ਕੇ
ਮੈਂ ਅਵਾਣਾ ਪਿਤਰਾਂ ਦੇ, ਪੈਂਤੀ ਦੇ ਪਾਏ
ਪੂਰਨਿਆਂ ਨੂੰ ਗੂੜ੍ਹਾ-ਗੂੜ੍ਹਾ ਕਰਦਾ ਜਾਵਾਂ

ਨਿਰਾ ਹੱਥ ਨਾ, ਸਗਲੀ ਕਾਇਆ ਲਿਖਦੀ
ਨਿੱਕੇ-ਨਿੱਕੇ ਮਾਣਕ ਅੱਖਰ
ਚਾਨਣ ਫੁੱਟਦੇ ਚਸ਼ਮੇ
ਅੱਖਰਾਂ ਦੇ ਘਰ ਵਿਚ ਮੇਰਾ ਵਾਸਾ
ਜਿਸਦਾ ਨਾ ਬੂਹਾ ਨ ਕੰਧ ਹੈ
ਨਾ ਹੀ ਕੋਈ ਗਵਾਂਢੀ*
ਸਾਰੇ ਇੱਕੋ ਘਰ ਵਿਚ ਰਹਿੰਦੇ
ਇੱਕੋ ਟੱਬਰ ਦੇ ਜੀਅ ਰਲ਼ ਕੇ
ਸ਼ਬਦ ਆਲ੍ਹਣਾ
ਅਰਥ ਹੈ ਮੁਕਤਾ ਵਿਚ ਅਸਮਾਨੀਂ ਉੜਦਾ
ਮੈਂ ਲਿਖਦਾ ਹੈ ਮੈਂ ਜੀਉਂਦਾ ਹੈ

*ਗ਼ਾਲਿਬ ਦਾ ਸ਼ਿਅਰ



## ਫ਼ੋਟੋ

ਸੈਸਟੀਨ ਚੈਪਲ, ਵੈਟੇਕਨ, ਰੋਮ ਵਿਚ ਮਾਈਕਲਐਂਜਲੋ (1475-1564 ਈਸਵੀ) ਦਾ ਸ਼ਾਹਕਾਰ ਵੇਖ ਕੇ


ਵਾਹ! ਕੈਸੀ ਮਾਈਕਲ ਫ਼ੋਟੋ ਖਿੱਚੀ
ਧੰਨ ਧੰਨ ਹੁੰਦੀ ਜਾਵੇ

ਇਕ ਵਾਰੀ ਸੁੱਤਿਆਂ ਮਾਈਕਲ ਡਿੱਠਾ -
ਰੱਬ ਜੀ ਕਲਾ ਜਗਾਉਂਦੇ
ਨਾ਼ਲ ਫ਼ਰਿਸ਼ਤੇ ਹਾਜ਼ਿਰ ਨਾਜ਼ਿਰ
ਇੱਕੋ ਛੁਹ ਨਾ'
ਆਦਮ ਵਿਚ ਰੂਹ ਫੂਕਣ ਲੱਗੇ

ਫਿਰ ਜਾਗਦਿਆਂ ਮਾਈਕਲ ਫ਼ੋਟੋ ਵਾਹੀ ਧਰਤੀ ਦੀ ਛੱਤ ਦੇ ਉੱਤੇ
ਭਰ ਕੇ ਰੰਗ ਕਰਤਾਰੀ

ਖ਼ਲਕਤ ਸਾਰੀ
ਹੱਕੀ-ਬੱਕੀ ਅੱਖੀਆਂ ਭਰ ਕੇ
ਧੰਨ ਧੰਨ ਕਰਦੀ ਜਾਵੇ
ਸਿਰ ਨਿਵਾਵੇ
ਨਾਮ ਧਿਆਵੇ
ਯਹੋਵਾਹ ਪਰਮੇਸ਼ਰ
ਯਹੋਵਾਹ ਪਰਮੇਸ਼ਰ

* ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ ਅਤੇ ਉਸਦੀਆਂ ਨਾਸਾਂ ਵਿਚ ਜੀਵਣ ਦਾ ਸਾਹ ਫੂਕਿਆ ਸੋ ਆਦਮੀ ਜੀਉਂਦੀ ਜਾਨ ਹੋ ਗਿਆ 0 - ਅੰਜੀਲ, ਉਤਪਤ 2:7


a

## ਵੇਲਾ

ਐਨ ਸਹੀ ਸੀ ਦਿਲ ਦਾ ਵੇਲਾ
ਖੁੱਸ ਖੁੱਸ ਕਰਦਾ
ਐਨ ਸਹੀ ਸੀ ਅੱਖੀਅਨ ਵੇਲਾ
ਮੁੱਸ ਮੁੱਸ ਕਰਦਾ
ਐਨ ਸਹੀ ਸੀ ਨਬਜ਼ ਦਾ ਵੇਲਾ
ਢੁਕ ਢੁਕ ਕਰਦਾ
ਐਨ ਸਹੀ ਸੀ ਘੜੀ ਦਾ ਵੇਲਾ
ਟਿਕ ਟਿਕ ਕਰਦਾ
ਐਨ ਸਹੀ ਸੀ ਬਿਰਹੋਂ ਵੇਲਾ
ਖੋਹ ਖੋਹ ਕਰਦਾ
ਐਨ ਸਹੀ ਸੀ ਚੁੰਮਣ ਵੇਲਾ
ਛੂਹ ਛੂਹ ਕਰਦਾ
ਐਨ ਸਹੀ ਸੀ ਜੰਮਣ ਵੇਲਾ
ਸਾਹ ਸਾਹ ਕਰਦਾ
ਸਿਮਰੋ ਸਿਮਰੀ ਮਰਨ ਦਾ ਵੇਲਾ
ਵਾਹ ਵਾਹ ਕਰਦਾ

ਸਭ ਕੁਛ ਐਨ ਸਹੀ ਸੀ



•••



ਮਾਲੀ ਹੁੱਝ ਮਾਰ ਕੇ ਉੱਠਿਆ
ਚੜ੍ਹਿਆ ਕਲਯਾਣੀ ਉੱਤੇ
ਦੋਹਵਾਂ ਦੇ ਭਾਰ ਦੇ ਥੱਲੇ ਮਿੱਟੀ ਧਸ ਗਈ
ਘਾਹ ਦੀ ਤਿੜ੍ਹ ਟੁੱਟੀ
ਕੱਟੀ ਦੀ ਹਿੱਲਦੀ ਪੂਛ ਇਕ ਪਲ ਅੱਠਰੀ
ਉਹਦੀਆਂ ਅੱਖਾਂ ਅੰਦਰ ਪਾਣੀ ਦੀ ਛੱਲ ਉੱਭਰੀ

ਇਹ ਸਭ ਕੁਛ ਹੁੰਦਾ ਦੇਖ ਰਿਹਾ ਹਾਂ
ਸਭ ਕੁਛ ਪਹਿਲੀ ਵਾਰੀ


ਬੀਬੀ, ਝੋਟੀ ਤਿੰਨ ਵਾਰੀ ਲੱਗੀ... ਸੁਣ ਕੇ
ਮਾਂ ਰੱਬ ਦਾ ਸ਼ੁਕਰ ਮਨਾਣਾ
ਮਾਲਣ ਨੂੰ ਨਹਿਲਾਣਾ
ਉਹਦੇ ਕੁੰਢੇ ਸਿੰਙ ਲਿਸ਼ਕਾਣੇ
ਸੋਚਾਂ ਵਿਚ ਦੁੱਧ ਦੀਆਂ ਹੋਵਣ ਲਹਿਰਾਂ-ਬਹਿਰਾਂ
ਤੜਕੇ ਉਠ ਕੇ ਆਹਰ ਕਰੇ
ਪੁੱਤ ਨੇ ਪੀਣਾ ਅੱਧਰਿੜਕਾ

ਬੀਬੀ ਤੇ ਮੈਂ ਬੋਹਲ਼ੀ ਚਾੜ੍ਹਨ ਜਾਣਾ
    ਰੇਲਗੱਡੀ ਵਿਚ ਬੇਰ ਬਾਬੇ ਦੀ

ਅਮ੍ਰਿਤ ਵੇਲੇ ਧੁੰਦ ਕੁ੍ਹਰੇ ਵਿਚ ਕੰਬਦੇ ਕੰਬਦੇ ਇਸ਼ਨਾਨ ਕਰਾਂਗੇ
ਕੋਈ ਨੰਗੀ ਤੀਵੀਂ ਝਾਕਦਾ ਤੱਕ ਕੇ ਮੈਨੂੰ
ਵੇਈਂ ਦੇ ਦੋਧੇ ਪਾਣੀ ਵਿਚ ਲੁਕ ਜਾਵੇਗੀ

ਫਿਰ ਬਾਬਾ ਜੀ ਲਹਿਰਾਂ ਵਿੱਚੋਂ ਉਭਰਨਗੇ
ਮੈਨੂੰ ਤੱਕ ਕੇ ਮੁਸਕਾਵਣਗੇ

* ਬਾਬੇ ਦੀ ਬੇਰ – ਸੁਲਤਾਨਪੁਰ ਲੋਧੀ



## ਸਮ

ਭਾਈ ਬਲਦੀਪ ਸਿੰਘ ਨਿਮਿਤ

ਤਾਊਸ ਤਾਰ ਨੂੰ ਛੂਹਿਆ ਗ਼ਜ਼ ਨੇ
ਮਨ ਅੰਤਰ ਮੋਰ ਕੂਕਿਆ
ਘੋੜੇ ਦੇ ਸੁੰਮ ਵੱਜੇ  ਕੰਬੇ     ਚੰਗਿਆੜੇ ਨਿਕਲ਼ੇ

ਪੈਰ ਰਕਾਬਾਂ ਸਾਂਭ ਕੇ ਰੱਖੇ
ਨਾਲ਼ ਹਵਾਵਾਂ     ਅੱਯਾਲ਼ਾਂ ਕਰਨ ਅਦਾਵਾਂ
ਰੱਖਿਆ ਅਗਲਾ ਕਦਮ ਤਮੰਨਾ     ਪਾਰ ਦੁਮੇਲਾਂ

ਜੋੜੀ     ਜੋੜੀ ਸੁਰ ਨਾਦ ਅਨਾਹਦ
ਜੋੜੀ ਅਪਣੀਂ ਹੱਥੀਂ ਲਕੜੀ ਵਣ ਵਣ ਦੀ
ਕਿਰਤ ਹੱਥਾਂ ਦੀ ਸੰਦ-ਸੰਦੇੜੇ
ਬੱਕਰੇ ਖ਼ੈਰ ਮਨਾਈ     ਕੀਤੀ ਉਹਦੇ ਚੰਮ ਦੀ ਜੋੜੀ

ਸਾਜ਼ ਦੀ ਤਣ ਤਣ
ਤਾਰ ਦੇ ਉੱਤੇ ਗ਼ਜ਼ ਫੇਰਿਆ
ਤਰਬਾਂ ਛਿੜੀਆਂ     ਜ਼ਰਬਾਂ ਭਿੜੀਆਂ

ਤਾਰ ਦੇ ਉੱਤੇ ਗ਼ਜ਼ ਫੇਰਿਆ
ਰੱਖਿਆ ਸਿਰ ਦੇ ਉੱਤੇ ਹੱਥ ਗੁਰੂ ਨੇ




ਜੋੜੀ ਖ਼ੂਬ ਸੁਹਾਈ
ਵਾਹੁ ਵਾਹੁ ਰਿਜ਼ਕ ਦੀ ਮਹਿਮਾ
ਦਾਣਾ ਉੱਗਿਆ ਪੱਕਿਆ ਪਿਸਿਆ
ਗੁੰਨ੍ਹਿਆ ਆਟਾ ਮੁੱਖ ਛੁਹਾਇਆ ਧੰਮ ਧੰਮ ਕਰਦਾ

ਤ੍ਰਿਖਾ ਵਾਣੀ ਕਿਣਮਿਣ ਕਣੀਆਂ ਘਨ ਘਨਾ ਘਨਘੋਰ ਬੱਦਲ਼ ਗਰਜੇ

ਸਾਹੋ ਸਾਹੀ ਵਾਹੋ ਦਾਹੀ
ਨੀਲਾ ਜਿੱਥੋਂ ਤੁਰਿਆ ਓਥੇ ਰੁਕਿਆ ਪਾਣੀ ਪੀਤਾ

ਫਿਰ ਉਸਨੇ ਸਿਰ ਰੱਖਿਆ ਅਪਣੇ ਮਾਲਿਕ ਦੀ ਹਿੱਕ ਉੱਤੇ
ਤਨ ਠਰਿਆ ਤਪ ਤਪ ਕਰਦਾ
ਮਨ ਭਰਿਆ ਜਪੁ ਜਪੁ ਕਰਦਾ


* ਨਾਨਕਸ਼ਾਹੀ ਰਬਾਬ ਦਾ ਗ਼ਜ਼ ਘੋੜੇ ਦੇ ਵਾਲ਼ਾਂ ਦਾ ਬਣਦਾ ਹੈ। ਸਮ ਮੁੱਢਲੀ ਤੇ ਅੰਤਲੀ ਸੁਰ ਨੂੰ ਕਹੀਦਾ ਹੈ।




## ਰਾਗ ਪੂਰੀਯਾ ਧਨਾਸਰੀ ਚ ਕੁਮਾਰ ਗੰਧਰਵ ਦੀ ਬੰਦਿਸ਼
## ਬਲ ਗਈ ਜੋਤੀ... ਸੁਣਦਿਆਂ

ਬਲ ਗਈ ਜੋਤੀ...
ਅਪਨੇ ਆਪ ਥਈ
ਅਪਨੇ ਆਪ ਖਹੀ
ਬਲ ਗਈ ਜੋਤੀ...
ਪੜੀ ਰਾਤ ਘਨੀ
ਕੋਈ ਬਾਤ ਬਨੀ
ਟਲ ਗਈ ਹੋਨੀ
ਬਲ ਗਈ ਜੋਤੀ...
ਨਮ ਚਸ਼ਮ ਹੂਈ
ਕਮ ਕਸਕ ਹੂਈ
ਦੋ ਹਾਥ ਜੁੜੇ
ਦੋ ਹੋਂਠ ਮਿਲੇ
ਕੋਈ ਕਲੀ ਖਿਲੀ
ਕੋਈ ਆਂਖ ਖੁਲੀ
ਛਾਂ ਪਰ ਛਾਉਂ ਪੜੀ
ਸੁਖ ਬੇਲ ਬੜੀ
ਭਗ ਭਾਗ ਜਗੇ
ਦੂਧ ਆਏ ਥਨੀ
ਕੋਈ ਬੀਜ ਗਿਰਾ
ਹੂਈ ਕੋਖ ਹਰੀ
ਕੋਈ ਫਲ ਟੂਟਾ
ਗਈ ਝੋਲ ਭਰੀ
ਇਕ ਤਾਲ ਵਿਲੰਬਤ ਦਰੁੱਤ ਭਈ
ਰਾਗੀ ਜੀ ਗਾਤੇ ਮੁਸਕਾਏ
ਛਲ ਗਈ ਜੋਤੀ
*

[ਚੋਣਵੀਂ ਕਵਿਤਾ - 1996-2008]



ਗੋਇੰਦਵਾਲ਼ ਦੀਆਂ ਪੋਥੀਆਂ ਚੋਂ ੧੬ਵੀਂ ਸਦੀ ਈਸਵੀ ਦੀ ਪੈਂਤੀ ਦੀ ਵੰਨਗੀ।
ਗੁਰਿੰਦਰ ਸਿੰਘ ਮਾਨ ਦੀ ਕ੍ਰਿਪਾ ਨਾਲ਼ ਮਿਲ਼ੀ



# ਪੈਂਤੀ

ਅਮਰਜੀਤ ਚੰਦਨ ਦੀ ਕਵਿਤਾ ਪਾਠਕ ਜਾਂ ਸਰੋਤੇ ਨੂੰ ਅਕਾਲ ਖੰ
ਕਵਿਤਾਵਾਂ ਵਿਚ ਸਮਾਂ ਤਹਿਦਾਰ ਛੀਂਟਾਂ ਵਾਲ਼ਾ ਪਰਦਾ ਜਾਂ ਕਬ
ਸਥਾਨ ਦੀ ਗੇੜ ਪਈ ਹੋਈ ਹੈ, ਪਰ ਚੰਦਨ ਦੀ ਕਵਿਤਾ ਵਿਚ ਸਮੇ
ਸਰੋਤੇ ਨੂੰ ਵਲ਼ ਲੈਂਦੀ ਹੈ। ਇਹਦੀ ਹਰ ਕਵਿਤਾ ਅਪਣਾ ਰਾਹ ਆਪ
ਕਵਿਤਾਵਾਂ ਵਿਚ ਵਖ-ਵਖ ਸਮਿਆਂ-ਸਥਾਨਾਂ ਦੇ ਆਯਾਮ ਸੰਜੋ
– ਜੌਨ੍ਹ ਬਰਜਰ

Amarjit Chandan's poetry transports
arena of timelessness. What he does
becomes like an arras or a hinged scre
by a multiplicity of times. His poetic
space-time dimensions than the fou
Chandan's poems proceeds in its own
of them there is an assembly of
– **John Berger**

**www.anadfo**

anād

ਡ ਵਿਚ ਲੈ ਜਾਂਦੀ ਹੈ। ਇਹ ਸਮੇਂ ਨੂੰ ਵਲ੍ਹੇਟ ਲੈਂਦਾ ਹੈ; ਇਹਦੀਆਂ
ੜਿਆਂ ਵਾਲ਼ੀ ਚਿਲਮਨ ਬਣ ਜਾਂਦਾ ਹੈ। ਸਾਨੂੰ ਚਾਰ ਤਰ੍ਹਾਂ ਦੇ ਸਮੇਂ-
ਂ ਦੇ ਅਨੇਕ ਆਯਾਮ ਨੇ। ਸਮੇਂ ਦੇ ਆਯਾਮਾਂ ਦੀ ਅਨੇਕਤਾ ਪਾਠਕ ਜਾਂ
ਬਣਾ ਕੇ ਚਲਦੀ ਹੈ, ਜਿਹਦੀ ਅਪਣੀ ਹੀ ਸੂਰਤ ਹੁੰਦੀ ਹੈ। ਸਾਰੀਆਂ
ਏ ਹੋਏ ਮਿਲ਼ਦੇ ਨੇ।

s its listeners or readers into an
is to fold time; time in his poems
en. The listener or reader is encircled
practice assumes that there are more
r we habitually recognise. Each of
way and has its own form. Yet in all
f different space-time dimensions.

undation.com